

Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 48
March 8, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




'ਦੇਸ਼ ਦੁਆਬਾ' ਦੇ ਪਾਠਕਾਂ ਅਤੇ ਸਮੂਹ ਸਿੱਖ ਜਗਤ ਨੂੰ ਚੜ੍ਹਦੀ ਕਲਾ ਦੇ ਪ੍ਰਤੀਕ ਹੋਲਾ ਮੁਹੱਲਾ ਦੀਆਂ ਲੱਖ-ਲੱਖ ਵਧਾਈਆਂ

# ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਗੁਰਪੁਰਬ ਦਿਹਾੜਾ ਅਤੇ 17ਵਾਂ ਵਿਸ਼ਾਲ ਨਗਰ ਕੀਰਤਨ 12 ਮਾਰਚ 2017 ਨੂੰ

**ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਨਗਰ ਕੀਰਤਨ ਦੀਆਂ ਲੱਖ ਲੱਖ ਵਧਾਈਆਂ**



File Photo

**ਰਿਓਲਿੰਡਾ (ਸੈਕਰਾਮੈਂਟੋ) (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ), ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਮਾਰਚ ਦੇ ਦੂਸਰੇ ਐਤਵਾਰ ਭਾਵ 12 ਮਾਰਚ ਨੂੰ ਆਜ਼ਾਦੀ, ਬਰਾਬਰੀ, ਭਾਈਚਾਰਕ ਸਾਂਝ ਵਾਲੀ ਨਵੀਂ ਵਿਚਾਰਕ ਕ੍ਰਾਂਤੀ ਦੇ ਮੋਢੀ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ 17ਵਾਂ ਵਿਸ਼ਾਲ ਨਗਰ ਕੀਰਤਨ ਵੀ ਕੱਢਿਆ ਜਾ ਰਿਹਾ ਹੈ। ਪ੍ਰੋਗਰਾਮਾਂ ਦੀ ਸ਼ੁਰੂਆਤ 5 ਮਾਰਚ 2017 ਤੋਂ ਚੰਦੋਲਾ ਸਾਹਿਬ ਦੀ ਸੇਵਾ ਨਾਲ ਆਰੰਭ ਹੋ ਚੁੱਕੀ ਹੈ ਅਤੇ 12 ਮਾਰਚ ਨੂੰ 17ਵੇਂ ਸਾਲਾਨਾ ਨਗਰ ਕੀਰਤਨ ਤੋਂ ਬਾਅਦ ਸਮਾਪਤੀ ਹੋਵੇਗੀ। ਇਸ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਨਗੇ ਅਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ।

# ਸਭ ਦੀਆਂ ਨਜ਼ਰਾਂ 5 ਸੂਬਿਆਂ ਦੇ ਚੋਣ ਨਤੀਜਿਆਂ 'ਤੇ

## ਚੋਣਾਂ ਦੇ ਨਤੀਜੇ ਤਹਿ ਕਰਨਗੇ ਭਾਰਤ ਦੀ ਭਵਿੱਖ ਦੀ ਰਾਜਨੀਤੀ

**ਚੰਡੀਗੜ੍ਹ (ਬਿਊਰੋ)–** ਉਤਰ ਪ੍ਰਦੇਸ਼ ਵਿਚ ਚੋਣਾਂ ਦਾ ਆਖਰੀ ਗੇੜ ਅੱਜ 8 ਮਾਰਚ ਨੂੰ ਪੂਰਾ ਹੋਣ ਤੋਂ ਬਾਅਦ ਹੁਣ ਸਭ ਦੀਆਂ ਨਜ਼ਰਾਂ 11 ਮਾਰਚ ਨੂੰ ਵੋਟਾਂ ਦੀ ਗਿਣਤੀ ਤੇ ਲੱਗ ਗਈਆਂ ਹਨ। ਉਤਰ ਪ੍ਰਦੇਸ਼ ਵਿਚ ਇਸ ਵਾਰ 7 ਗੇੜਾਂ ਵਿਚ ਚੋਣਾਂ ਹੋਈਆਂ ਹਨ, ਜਦਕਿ ਪੰਜਾਬ ਅਤੇ ਪਾਂਡੀਚਰੀ ਵਿਚ ਇਕੋ ਗੇੜ ਵਿਚ ਚੋਣਾਂ ਸਮਾਪਤ ਹੋ ਗਈਆਂ। ਚੋਣ ਕਮਿਸ਼ਨ ਨੇ ਵੋਟਾਂ ਦੀ ਗਿਣਤੀ ਲਈ ਵਿਆਪਕ ਪ੍ਰਬੰਧ ਕੀਤੇ ਹਨ ਅਤੇ 11 ਮਾਰਚ ਨੂੰ ਦੁਪਹਿਰ ਤੱਕ ਰੁਝਾਨ ਸਪਸ਼ਟ ਹੋ ਜਾਣਗੇ। ਉਤਰ ਪ੍ਰਦੇਸ਼ ਵਿਚ ਇਸ ਵਾਰ ਫਸਵਾਂ ਮੁਕਾਬਲਾ ਹੈ। ਜਿੱਥੇ ਭਾਜਪਾ ਨੇ ਇਸ ਵਾਰ ਯੂ. ਪੀ. ਦਾ ਮੈਦਾਨ ਮਾਰਨ ਲਈ ਸਾਰੀ ਤਾਕਤ ਝੋਕ ਦਿੱਤੀ ਹੈ, ਇਸ ਦੇ ਬਾਵਜੂਦ ਰਵਾਇਤੀ ਪਾਰਟੀਆਂ ਬਸਪਾ ਅਤੇ ਸਪਾ ਦੇ ਪ੍ਰਭਾਵ ਨੂੰ ਵੀ ਕਬੂਲਿਆ ਹੈ। ਉਤਰ ਪ੍ਰਦੇਸ਼ ਵਿਚ ਹਾਲਾਂਕਿ ਇਸ ਵਾਰ ਸਭ ਤੋਂ ਜ਼ਿਆਦਾ ਵਿਵਾਦਗ੍ਰਸਤ ਚੋਣ ਹੋਈ ਕਿਉਂਕਿ ਇਸ ਵਾਰ ਸਿਆਸਤਦਾਨਾਂ ਨੇ ਸਿਆਸੀ ਨੈਤਿਕਤਾ ਤਿਆਗ ਕੇ ਸਿਰਫ ਤੇ ਸਿਰਫ ਜਿੱਤ ਨੂੰ ਹੀ ਨਿਸ਼ਾਨਾ ਬਣਾ ਲਿਆ। ਪੰਜਾਬ ਵਿਚ ਇਸ ਵਾਰ ਬਹੁਤ ਸਖਤ ਮੁਕਾਬਲਾ ਹੈ ਅਤੇ ਤੀਜੀ ਧਿਰ ਦੇ ਆਉਣ ਕਾਰਨ ਪੰਜਾਬ ਦੇ ਚੋਣ ਨਤੀਜਿਆਂ ਬਾਰੇ ਹੁਣ ਤੱਕ ਕੋਈ ਅੰਦਾਜ਼ਾ ਨਹੀਂ ਲੱਗ ਸਕਿਆ। ਪੰਜਾਬ ਦੇ ਮੁੱਖ ਮੰਤਰੀ ਚੰਡੀਗੜ੍ਹ ਛੱਡ ਕੇ ਦੋ ਮਹੀਨੇ ਤੋਂ ਲੰਬੀ ਬੈਠੇ ਹਨ ਅਤੇ ਕਾਰਜਕਾਰੀ ਸਰਕਾਰ ਵੀ ਲੰਬੀ ਤੋਂ ਹੀ ਚੱਲ ਰਹੀ ਹੈ। ਬਾਕੀ ਸੂਬਿਆਂ ਵਿਚ ਉਤਰਾਖੰਡ ਦੇ ਨਤੀਜਿਆਂ ਨੂੰ ਵੀ ਇਸ ਵਾਰ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ। ਇਸ ਵਾਰ ਦੇ ਚੋਣ ਨਤੀਜੇ ਭਾਰਤ ਦੀ ਭਵਿੱਖੀ ਸਿਆਸਤ ਨੂੰ ਦਿਸ਼ਾ ਦੇਣ ਵਾਲੇ ਵੀ ਹੋਣਗੇ। ਜੇਕਰ ਭਾਜਪਾ ਅੱਗੇ ਰਹਿੰਦੀ ਹੈ ਤਾਂ ਨਿਸਚਿਤ ਹੀ ਲੋਕ ਸਭਾ ਚੋਣਾਂ ਵਿਚ ਵੀ ਉਹ ਪੂਰੀ ਤਾਕਤ ਨਾਲ ਉਤਰੇਗੀ ਅਤੇ ਮੋਦੀ ਸਰਕਾਰ ਦੀ ਨੋਟਬੰਦੀ ਦੇ ਫੈਸਲੇ ਨੂੰ ਵੀ ਸਹੀ ਦੀ ਮੋਹਰ ਲੱਗ ਜਾਵੇਗੀ। ਪਰ ਜੇਕਰ ਇਹਨਾਂ ਚੋਣ ਨਤੀਜਿਆਂ ਵਿਚ ਭਾਜਪਾ ਪੱਛੜਦੀ ਹੈ ਤਾਂ ਭਾਰਤ ਦੀ ਸਿਆਸਤ ਵਿਚ ਵੀ ਤਬਦੀਲੀ ਦੇ ਸੰਕੇਤ ਹੁਣੇ ਤੋਂ ਨਜ਼ਰ ਆਉਣੇ ਆਰੰਭ ਹੋ ਜਾਣਗੇ।

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ

**ਫਰਿਜ਼ਨੋ (ਡੀ. ਡੀ. ਬੀ.)–** ਆਜ਼ਾਦੀ, ਬਰਾਬਰੀ ਤੇ ਵਿਸ਼ਵ ਭਾਈਚਾਰੇ ਦੇ ਅਲੰਬਰਦਾਰ ਮਹਾਨ ਰਹਿਬਰ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇ-ਫੋਰਨੀਆ) ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਪੂਰਵਕ 5 ਮਾਰਚ 2017 ਨੂੰ ਗੁਰੂ ਘਰ ਵਿਖੇ ਮਨਾਇਆ। ਇਸ ਸਬੰਧਤ 3 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ, 4 ਮਾਰਚ ਦਿਨ ਸ਼ਨਿਚਰਵਾਰ ਨੂੰ ਸ੍ਰੀ ਪ੍ਰੇਮ ਬੱਧਣ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਤੇ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਦੌਰਾਨ ਰਾਗੀ/ਢਾਡੀ ਜਥਿਆਂ ਨੇ ਰਸਭਿੰਨਾ ਸ਼ਬਦ ਗਾਇਨ/ਧਾਰਮਿਕ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

5 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਉਸ


**(ਰਿਪੋਰਟ –ਤਸਵੀਰਾਂ ਦੇਖੋ ਸਫਾ 18 ਤੇ 19 'ਤੇ)**







MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)



ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538





SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ



Buy/ Sell Real Estate Residential or Commercial



Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539





# ਸ੍ਰੀ ਬਲਵਿੰਦਰ ਰੱਲ੍ਹ (ਚੇਅਰਮੈਨ) ਅਤੇ ਸਮੂਹ ਰੱਲ੍ਹ ਪਰਿਵਾਰ ਵੱਲੋਂ ਗੁਰਪੁਰਬ ਦਿਹਾੜੇ ਅਤੇ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ 6221, 16ਵੀਂ ਸਟ੍ਰੀਟ ਰਿਓਲਿੰਡਾ (ਸੈਕਰਾਮੈਂਟੋ), (ਕੈਲੇਫੋਰਨੀਆ) 95673 ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।



ਬਲਵਿੰਦਰ ਰੱਲ੍ਹ, ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ)



ਸ੍ਰੀਮਤੀ ਅਤੇ ਸ੍ਰੀ ਬਲਵਿੰਦਰ ਰੱਲ੍ਹ ਆਪਣੇ ਬੱਚਿਆਂ ਪ੍ਰਿੰਸ ਰੱਲ੍ਹ, ਪ੍ਰਿਆ ਰੱਲ੍ਹ ਅਤੇ ਬਲਜੀਤ ਰੱਲ੍ਹ ਨਾਲ

# ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥
# ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥





ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ 6221, 16ਵੀਂ ਸਟ੍ਰੀਟ ਰਿਓਲਿੰਡਾ (ਸੈਕਰਾਮੈਂਟੋ), (ਕੈਲੇਫੋਰਨੀਆ) 95673 ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।





# ਅਜੀਤ ਬੰਗੜ - ਰਮੇਸ਼ ਬੰਗੜ

"ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ"






# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਮਹਾਨ ਗੁਰਪੁਰਬ ਅਤੇ 17ਵੇਂ ਮਹਾਨ ਨਗਰ ਕੀਰਤਨ ਦੀਆਂ ਲੱਖ-ਲੱਖ ਮੁਬਾਰਕਾਂ

ਸਮੂਹ ਸਾਧ ਸੰਗਤ ਨੂੰ 12 ਮਾਰਚ 2017 ਨੂੰ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਸਨਿਮਰ ਬੇਨਤੀ ਕਰਦੇ ਹਾਂ


ਸ੍ਰੀ ਦਾਸ ਰਾਮ ਸੂਦ


ਰਾਜ ਸੂਦ, ਸੋਨੂੰ ਸੂਦ


ਭਾਗ ਸਿੰਘ ਸੂਦ


ਉਦੈ ਸੂਦ


ਦੀਪਕ ਸੂਦ

## ਰਾਜ ਸੂਦ (ਸਕੱਤਰ) ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੂਦ ਪਰਿਵਾਰ



ਗੁਰੂ ਘਰ ਦਾ ਪਤਾ

6221, 16 ਸਟ੍ਰੀਟ,
ਰਿਓਲਿੰਡਾ, ਕੈਲੇਫੋਰਨੀਆ

ਗੁਰੂ ਘਰ ਦਾ ਫੋਨ ਨੰਬਰ

916-992-1710

ਰਾਜ ਸੂਦ: 916-370-3542



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ 6221, 16ਵੀਂ ਸਟ੍ਰੀਟ ਰਿਓਲਿੰਡਾ (ਸੈਕਰਾਮੈਂਟੋ), (ਕੈਲੇਫੋਰਨੀਆ) 95673 ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।








## ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੋ ਮੀਤ ਹਮਾਰਾ॥

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।



# Avtar Pal Jassal

## & Jassal Family



ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ।।

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।



Raj Badhan Office Secretary
Shri Guru Ravidass Sabha Sacramento (CA)



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।





ਸ਼ਸੀ ਪਾਲ ਐਡਵੋਕੇਟ ਅਤੇ ਉਹਨਾਂ ਦੀ ਸੁਪਤਨੀ

ਸ਼ਸੀ ਪਾਲ ਐਡਵੋਕੇਟ ਅਤੇ ਸਮੂਹ ਪਾਲ ਪਰਿਵਾਰ

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon

Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram




ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ 6221, 16ਵੀਂ ਸਟ੍ਰੀਟ ਰਿਓਲਿੰਡਾ (ਸੈਕਰਾਮੈਂਟੋ), (ਕੈਲੇਫੋਰਨੀਆ) 95673 ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।


# A & S Auto Repair & Services

Specializing in Brakes & Axles

ਬਰੇਕ ਅਤੇ ਐਕਸਲ ਰਿਪੇਅਰ ਅਤੇ ਸਰਵਿਸ ਕਰਨ ਦੇ ਮਾਹਿਰ
ਸਭ ਕਾਰਾਂ ਲਈ ਤੇਲ ਸਰਵਿਸ ਦੇ ਨਾਲ ਮੁਫਤ ਟਾਇਰ ਰੋਟੇਸਨ ਅਤੇ ਇੰਸਪੈਕਸ਼ਨ

10% of any repair of $ $75.00 or More



Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics

Ph: 916-238-4431
649 W. Elkhorn Blvd. Suite B2
Rio Linda, CA 95673

9:00 AM to 6:00 PM Mon-Sat



Amarjit Sandhu

# ਅਮਰੀਕਾ ਵਿੱਚ ਨਸਲੀ ਘਟਨਾਵਾਂ ਨੂੰ ਵੇਖਦੇ ਪੰਜਾਬੀਓ ਚੁਕੰਨੇ ਰਹਿਓ.. !

ਫ਼ਿਰਕਾਪ੍ਰਸਤ ਲੋਕ ਹਰ ਕਮਿਊਨਟੀ, ਹਰ ਦੇਸ਼, ਹਰ ਵਰਗ, ਹਰ ਧਰਮ ਵਿੱਚ ਮੌਜੂਦ ਹਨ। ਇਹ ਸਿਰਫ਼ ਮੌਕੇ ਦੀ ਤਲਾਸ਼ ਵਿੱਚ ਹੁੰਦੇ ਹਨ ਕਿ ਕਦੋਂ ਆਪਣੇ ਅੰਦਰਲੀ ਜ਼ਹਿਰ ਕੱਢਣ ਦਾ ਮੌਕਾ ਲੱਗ ਸਕੇ। ਨਸਲਵਾਦੀਆਂ ਜਾਂ ਕੱਟੜਵਾਦੀਆਂ ਨੂੰ ਸਿੱਧੇ ਆਦੇਸ਼ਾਂ ਦੀ ਨਹੀਂ, ਕੇਵਲ ਹੱਲਾਸ਼ੇਰੀ ਦੀ ਹੀ ਲੋੜ ਕਾਫੀ ਹੁੰਦੀ ਹੈ। ਅੱਜ ਕੱਲ ਜਿਸ ਤਰੀਕੇ ਨਾਲ ਅਮਰੀਕਾ ਦੇ ਵਖਤ ਵੱਖ ਹਿਸਿਆਂ ਤੋਂ ਭਾਰਤੀ ਮੂਲ ਦੇ ਲੋਕਾਂ ਤੇ ਨਸਲੀ ਹਮਲਿਆਂ ਦੀਆਂ ਖ਼ਬਰਾਂ ਪ੍ਰਾਪਤ ਹੋਈਆ ਹਨ ਇਹ ਵਾਕਿਆ ਵਿੱਚ ਫਿਕਰਮੰਦੀ ਵਾ.ਲੀਆਂ ਹਨ।

22 ਫਰਵਰੀ ਨੂੰ ਅਮਰੀਕਾ ਦੇ ਕੈਨਸਸ ਸ਼ਹਿਰ ਵਿੱਚ ਹੋਏ ਨਸਲੀ ਹਮਲੇ ਨੂੰ ਹਾਲੇ ਕੁਝ ਦਿਨ ਹੀ ਬੀਤੇ ਹਨ ਕਿ ਹੁਣ ਅਮਰੀਕਾ 'ਚ ਵਾਸ਼ਿੰਗਟਨ ਦੇ ਕੈਂਟ ਇਲਾਕੇ ਵਿੱਚ ਇੱਕ 39 ਸਾਲਾ ਸਿੱਖ ਵਿਅਕਤੀ ਨੂੰ ਗੋਲੀ ਮਾਰਕੇ ਜ਼ਖਮੀ ਕਰ ਦਿੱਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਤੋਂ ਪਹਿਲਾਂ ਬੀਤੇ ਦਿਨ ਸਾਊਥ ਕੈਰੋਲੀਨਾ ਵਿੱਚ ਇੱਕ 43 ਸਾਲਾ ਭਾਰਤੀ ਹਾਰਨਿਸ਼ ਪਟੇਲ ਨੂੰ ਉਸ ਦੇ ਆਪਣੇ ਸਟੋਰ ਤੋਂ ਘਰ ਜਾਂਦੇ ਸਮੇਂ ਰਸਤੇ ਵਿੱਚ ਕਤਲ ਕਰ ਦਿੱਤਾ ਗਿਆ ਸੀ।

ਤਾਜ਼ਾ ਘਟਨਾ ਵਿੱਚ ਜ਼ਖਮੀ ਸਿੱਖ ਵਿਅਕਤੀ ਦੀ ਜਾਣਕਾਰੀ ਮੁਤਾਬਕ ਜਦੋਂ ਉਹ ਸ਼ਾਮ ਨੂੰ ਆਪਣੇ ਕੈਂਟ ਸਥਿਤ ਘਰ ਤੋਂ ਬਾਹਰ ਜਾ ਰਿਹਾ ਸੀ ਤਾਂ ਬਾਹਰ ਸੜਕ 'ਤੇ ਜਾ ਰਹੇ ਅਣਪਛਾਤੇ ਵਿਅਕਤੀ ਨੇ ਉਸ ਨੂੰ ਬੁਲਾਇਆ ਤੇ ਉਸ ਨੂੰ ਉੱਚੀ ਅਵਾਜ਼ ਵਿੱਚ 'ਆਪਣੇ ਦੇਸ਼ ਵਾਪਸ ਚਲੇ ਜਾਓ' ਆਖਣ ਲੱਗਾ। ਕੈਂਟ ਪੁਲਿਸ ਨੇ ਦੱਸਿਆ ਕਿ ਦੋਵਾਂ ਵਿਅਕਤੀਆਂ ਵਿਚਾਲੇ 'ਆਪਣੇ ਦੇਸ਼ ਵਾਪਸ ਚਲੇ ਜਾਓ' ਕਹਿਣ 'ਤੇ ਝਗੜਾ ਹੋਇਆ ਤਾਂ ਅਣਪਛਾਤੇ ਵਿਅਕਤੀ ਨੇ ਸਿੱਖ ਵਿਅਕਤੀ ਦੀ ਬਾਂਹ ਵਿੱਚ ਗੋਲੀ ਮਾਰ ਦਿੱਤੀ।

ਜ਼ਖਮੀ ਸਿੱਖ ਵਿਅਕਤੀ ਵੱਲੋਂ ਦੱਸੇ ਹੁਲੀਏ ਮੁਤਾਬਕ ਹਮਲਾਵਰ 6 ਫੁੱਟ ਲੰਬਾ ਸੀ। ਉਸ ਨੇ ਆਪਣੇ ਚਿਹਰੇ 'ਤੇ ਨਕਾਬ ਪਾਇਆ ਹੋਇਆ ਸੀ। ਪੁਲਿਸ ਹਮਲਾਵਰ ਦੀ ਭਾਲ ਕਰ ਰਹੀ ਹੈ। ਪੁਲਿਸ ਇਸ ਮਾਮਲੇ ਦੀ ਤਹਿ ਤੱਕ ਪਹੁੰਚਣ ਲਈ ਸਿੱਖ ਭਾਈਚਾਰੇ ਦੀ ਮਦਦ ਵੀ ਲੈ ਰਹੀ ਹੈ। ਪਿਛਲੇ 12 ਦਿਨਾਂ ਵਿੱਚ ਅਮਰੀਕਾ ਵਿੱਚ ਵਸਦੇ ਭਾਰਤੀਆਂ 'ਤੇ ਹੋਏ ਨਸਲੀ ਹਮਲਿਆਂ ਦਾ ਇਹ ਤੀਜਾ ਮਾਮਲਾ ਹੈ।

ਇਸ ਵਿੱਚ ਉਨ੍ਹਾਂ ਨੂੰ ਅਮਰੀਕਾ ਵਿੱਚੋਂ ਚਲੇ ਜਾਣ ਦੀਆਂ ਟਿੱਪਣੀਆਂ ਕਰਕੇ ਕੇ ਨਿਸ਼ਾਨਾ ਬਣਾਇਆ ਗਿਆ ਹੈ। ਇਹਨਾਂ ਹਮਲਿਆਂ ਵਿੱਚ 31 ਸਾਲਾ ਸ੍ਰੀਨਿਵਾਸ ਕੁਚੀਭੋਤਲੀ ਦੀ ਕੈਨਸਸ ਵਿੱਚ, 43 ਸਾਲਾ ਹਾਰਨਿਸ਼ ਪਟੇਲ ਦੀ ਸਾਊਥ ਕੈਰੋਲੀਨਾ ਵਿੱਚ ਹੱਤਿਆ ਕਰ ਦਿੱਤੀ ਗਈ ਹੈ ਜਦਕਿ ਕੈਂਟ ਵਿੱਚ ਇੱਕ ਸਿੱਖ ਵਿਅਕਤੀ ਨੂੰ ਜ਼ਖਮੀ ਕਰ ਦਿੱਤਾ ਗਿਆ ਹੈ ਜੋ ਹਸਪਤਾਲ ਵਿੱਚ ਜੇਰੇ ਇਲਾਜ ਹੈ। ਇਸ ਤੋਂ ਇਲਾਵਾ ਬੇ-ਏਰੀਏ ਵਿੱਚ ਵੀ ਬੇਘਰੇ ਬੰਦੇ ਵਲੋਂ ਭਾਰਤੀ ਮੂਲ ਦੀ ਔਰਤ ਦੇ ਥੱਪੜ ਮਾਰਨ ਦੀ ਘਟਨਾ ਸਾਹਮਣੇ ਆਈ ਹੈ..!

ਜਦੋਂ ਤੋਂ ਟਰੰਪ ਅਮਰੀਕਾ ਦਾ ਰਾਸ਼ਟਰਪਤੀ ਚੁਣਿਆ ਗਿਆ ਹੈ ਉਦੋਂ ਤੋਂ ਅਮਰੀਕਾ ਅੰਦਰ ਨਸਲੀ ਅਤੇ ਫਿਰਕਾਪ੍ਰਸਤ ਲੋਕਾਂ ਨੂੰ ਸਹਿ ਮਿਲੀ ਹੈ ਅਤੇ ਤੇਜ਼ੀ ਨਾਲ ਨਸਲੀ ਵਿਤਕਰੇ ਦੀਆਂ ਘਟਨਾਵਾਂ ਵਾਧਾ ਹੋਇਆ ਹੈ, ਇਹਨਾਂ ਘਟਨਾਵਾਂ ਨੂੰ ਵੇਖਦੇ ਹੋਏ ਪਰਵਾਸੀ ਭਾਰਤੀਆਂ ਨੂੰ ਚੁਕੰਨੇ ਰਹਿਣ ਦੀ ਲੋੜ ਹੈ। ਖ਼ਾਸ ਤੌਰ ਤੇ ਟਰੱਕ ਡਰਾਈਵਰ ਵੀਰ ਥੋੜੇ ਜ਼ਿਆਦਾ ਧਿਆਨ ਨਾਲ ਸਫ਼ਰ ਕਰਨ ਕਿਉਂਕਿ ਨਸਲੀ ਲੋਕਾਂ ਨੇ ਹੁਣ ਪੂਰੇ ਕੰਨ ਚੱਕੇ ਹੋਏ ਹਨ। ਬਿਨਾਂ ਮਤਲਬ ਦੀ ਲੜਾਈ ਇਹ ਮੁੱਲ ਭਾਲਦੇ ਹਨ, ਅਗਰ ਕੋਈ ਸਿਰ-ਫਿਰਿਆ ਤੁਹਾਡੇ ਗਲ੍ਹ ਪੈਣ ਦੀ ਕੋਸ਼ਿਸ਼ ਕਰਦਾ ਹੈ ਤਾਂ ਐਹੋ ਜਿਹੇ ਲੋਕਾਂ ਦੇ ਮੂੰਹ ਲੱਗਣ ਦੀ ਬਜਾਏ ਪੁਲਿਸ ਨੂੰ ਸੂਚਿਤ ਕਰੋ। ਕਿਸੇ ਵਿਅਕਤੀ ਵੱਲ ਟਿੱਕ-ਟਿਕੀ ਲਾ ਕੇ ਲਗਾਤਾਰ ਨਾਂ ਵੇਖੋ। ਕਹਿਣ ਤੋਂ ਭਾਵ ਕਿ ਹਰ ਸਥਿਤੀ ਤੇ ਨੇੜਿਓਂ ਨਜ਼ਰ ਬਣਾਏ ਰੱਖੋ। ਸਾਰੇ ਗੋਰੇ ਵੀ ਇੱਕੋ ਜਿਹੇ ਹਨ ਨਵੀਂ ਪੀੜੀ ਨੂੰ ਇਹਨਾਂ ਗੱਲਾਂ ਨਾਲ ਕੋਈ ਲਾਗਾ ਦੇਗਾ ਨਹੀਂ ਇਹ ਕੁਝ ਕੁ ਓਹ ਗੋਰੇ ਜਿਹੜੇ ਤੁਹਾਡੀਆਂ ਤਰੱਕੀਆਂ ਵੇਖ ਕੇ ਸੜਦੇ ਹਨ ਤੇ ਆਪ ਜ਼ਿੰਦਗੀ ਹਾਰੀ ਹੋਈ ਮਹਿਸੂਸ ਕਰਦੇ ਹਨ, ਓਹੀ ਨਸਲੀ ਵਿਤਕਰਾ ਕਰਦੇ ਹਨ। ਇਹੋ ਜਿਹੇ ਲੋਕਾਂ ਨੂੰ ਤੁਸੀਂ ਪਹਿਲੀ ਨਜ਼ਰੇ ਪਹਿਚਾਣ ਸਕਦੇ ਹੋ..! ਕੰਮ ਕਾਰ ਕਰਦੇ ਸਮੇਂ ਥੋੜਾ ਇਤਹਾਦ ਵਰਤੋਂ ਬਾਕੀ ਕੋਈ ਬਹੁਤੀ ਘਬਰਾਉਣ ਵਾਲੀ ਗੱਲ ਨਹੀਂ। ਬਜ਼ੁਰਗਾਂ ਨੂੰ ਵੀ ਬੇਨਤੀ ਹੈ ਕਿ ਸੈਰ ਕਰਨ ਸਮੇਂ ਜਾ ਪਾਰਕਾਂ ਵਗੈਰਾ 'ਚ ਵਿਚਰਨ ਸਮੇਂ ਸਾਵਧਾਨੀ ਵਰਤੋਂ ਬਾਕੀ ਜਦੋਂ ਕਨੂੰਨ ਨੇ ਸ਼ਿਕੰਜਾ ਕਸਿਆ ਸਭ ਠੀਕ ਹੋ ਜਾਵੇਗਾ, ਇਹ ਥੋੜੇ ਚਿਰ ਦੀ ਗੰਦੀ ਖੇਡ ਹੈ ਫਿਰ ਸਭ ਆਮ ਵਾਂਗ ਹੋਵੇਗਾ।

**- ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ"**
**ਫਰਿਜਨੋ ਕੈਲੇਫੋਰਨੀਆ (559-333-5776)**

# ਵਿਸਾਖੀ ਦੇ ਦਿਹਾੜੇ ਨੂੰ ਅਮਰੀਕਾ ਦਾ 'ਨੈਸ਼ਨਲ ਸਿੱਖ ਡੇਅ' ਸਥਾਪਤ ਕਰਾਉਣ ਲਈ ਸਿੱਖ ਜਥੇਬੰਦੀਆਂ ਇੱਕਜੁੱਟ

**ਵਰਜੀਨੀਆਂ (ਹੁਸਨ ਲੜੋਆ ਬੰਗਾ)-** 'ਖ਼ਾਲਸਾ ਸਾਜਨਾ ਦਿਵਸ' ਵਿਸਾਖੀ ਦੇ ਦਿਹਾੜੇ ਨੂੰ ਅਮਰੀਕਾ ਦਾ ਨੈਸ਼ਨਲ ਦਿਵਸ ਸਥਾਪਤ ਕਰਨ ਲਈ ਅਮਰੀਕਾ ਦੇ ਈਸਟ ਕੋਸਟ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਵਲੋਂ 8 ਅਪ੍ਰੈਲ ਨੂੰ 'ਨੈਸ਼ਨਲ ਸਿੱਖ ਡੇਅ ਪਰੇਡ' ਵਾਸ਼ਿੰਗਟਨ ਡੀਸੀ ਵਿਚ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਦਿਵਸ ਨੂੰ ਸਥਾਪਤ ਕਰਾਉਣ ਲਈ ਅਮਰੀਕਾ ਦੇ ਹਾਊਸ ਵਿਚ ਮਤਾ ਪਵਾਉਣ ਵਾਸਤੇ ਇਹ ਜਥੇਬੰਦੀ ਇਸ ਪਰੇਡ ਰਾਹੀਂ ਇਕ ਪ੍ਰਭਾਵੀ ਕਦਮ ਉਠਾਏਗੀ। ਇਸ ਬਾਰੇ ਵਰਜੀਨੀਆਂ ਦੇ ਗੁਰਦੁਆਰਾ ਸਾਹਿਬ ਫੇਅਰ ਫੈਕਸ ਵਿਚ ਜਥੇਬੰਦੀਆਂ ਦੇ ਸਾਰੇ ਆਗੂਆਂ ਦੀ ਇਕ ਭਰਵੀਂ ਮੀਟਿੰਗ ਹੋਈ। ਮੀਟਿੰਗ ਦੀ ਕਾਰਵਾਈ ਬਾਰੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਦਸਿਆ ਕਿ ਸਾਡੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਿਸਾਖੀ ਦੇ ਦਿਹਾੜੇ 'ਤੇ ਸਿੱਖ ਪੰਥ ਦੀ ਸਾਜਨਾ ਕਰਨ ਲਈ ਪੰਜ ਪਿਆਰੇ ਸਾਜੇ ਸਨ। ਇਸ ਕਰਕੇ ਇਹ ਦਿਵਸ ਸਮੁੱਚੀ ਸਿੱਖ ਕੌਮ ਲਈ ਸਭ ਤੋਂ ਵੱਡਾ ਇਤਿਹਾਸਕ ਦਿਵਸ ਹੈ। ਇਸ ਦਿਵਸ ਨੂੰ ਪਹਿਲਾਂ ਅਮਰੀਕਾ ਵਿਚ ਸਥਾਪਤ ਕਰਕੇ



'ਨੈਸ਼ਨਲ ਸਿੱਖ ਦਿਵਸ' ਦੇ ਤੌਰ ਤੇ ਮਨਾਇਆ ਜਾਵੇਗਾ, ਉਸ ਤੋਂ ਬਾਅਦ ਸਾਰੀ ਦੁਨੀਆਂ ਵਿਚ ਇਸ ਦਿਵਸ ਨੂੰ 'ਅੰਤਰ-ਰਾਸ਼ਟਰੀ ਸਿੱਖ ਦਿਵਸ' ਵਜੋਂ ਸਥਾਪਤ ਕਰਾਉਣ ਲਈ ਮਤੇ ਪਾਏ ਜਾਣਗੇ। ਸ. ਹਿੰਮਤ ਸਿੰਘ ਨੇ ਕਿਹਾ ਕਿ ਵਰਜੀਨੀਆਂ ਦੇ ਗੁਰਦੁਆਰਾ ਸਾਹਿਬ ਵਿਚ ਹੋਈ ਮੀਟਿੰਗ ਵਿਚ ਸਾਰੀਆਂ ਸਿੱਖ ਜਥੇਬੰਦੀਆਂ ਤੇ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ ਦੇ ਆਗੂਆਂ ਵਿਚ ਭਰਵਾਂ ਉਤਸ਼ਾਹ ਵੇਖਣ ਨੂੰ ਮਿਲਿਆ। ਜਿਸ ਲਈ 8 ਅਪਰੈਲ ਨੂੰ ਹੋਣ ਵਾਲੀ ਵਾਸ਼ਿੰਗਟਨ ਡੀਸੀ ਵਿਚ 'ਨੈਸ਼ਨਲ ਸਿੱਖ ਡੇਅ ਪਰੇਡ' ਨੂੰ ਪੂਰੀ ਤਰ੍ਹਾਂ ਕਾਮਯਾਬ ਬਣਾਉਣ ਲਈ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਡੀਸੀ ਅਮਰੀਕਾ ਦਾ ਕੈਪੀਟਲ ਸਿਟੀ ਹੈ ਅਤੇ ਇਹ ਪਰੇਡ ਸਮੁੱਚੇ ਸਿੱਖ ਭਾਈਚਾਰੇ ਵੱਲੋਂ ਆਪਣੀ ਹੋਂਦ ਦਾ ਪ੍ਰਗਟਾਵਾ ਕਰਨ ਲਈ ਅਹਿਮੀਅਤ ਰੱਖਦੀ ਹੈ। ਇਸ ਕਰਕੇ ਇਹ ਜ਼ਰੂਰੀ ਹੋ ਗਿਆ ਹੈ ਕਿ ਅਮਰੀਕਨ ਰਾਜਨੀਤੀਵਾਨ ਅਤੇ ਬਾਹਰੋਂ ਸਿੱਖ ਸ਼ਖ਼ਸੀਅਤਾਂ ਦੀ ਵੱਧ ਤੋਂ ਵੱਧ ਹਾਜ਼ਰੀ ਇਸ ਸਿੱਖ ਪਰੇਡ ਵਿਚ ਲਗਾਈ ਜਾਵੇ। ਸ. ਹਿੰਮਤ ਸਿੰਘ ਨੇ ਦਸਿਆ ਕਿ ਇਸ ਸਮੇਂ ਸਮੁੱਚੀਆਂ ਸਿੱਖ ਜਥੇਬੰਦੀਆਂ ਨੂੰ ਅਪੀਲ ਹੈ ਇਸ ਦਿਵਸ ਦੀ ਸਥਾਪਤੀ ਲਈ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ। ਇਸ ਵੇਲੇ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਵੀ ਸੰਬੋਧਨ ਕੀਤਾ ਅਤੇ ਕਿਹਾ ਕਿ ਸਾਰੇ ਵਿਸ਼ਵ ਨੂੰ ਆਪਣਾ ਸਿੱਖ ਦਿਵਸ਼ ਸਥਾਪਤ ਕਰਨ ਲਈ ਡੱਟ ਕੇ ਅੱਗੇ ਆਉਣਾ ਚਾਹੀਦਾ ਹੈ।

# ਸਾਨ-ਫਰਾਸਿਸਕੋ ਪਾਸਪੋਰਟ ਦਫਤਰ ਗਏ ਫਰਿਜ਼ਨੋ ਨਿਵਾਸੀ ਜੀਤ ਗਿੱਲ ਦੀ ਪਾਰਕਿੰਗ ਲਾਟ 'ਚ ਖੜ੍ਹੀ ਕਾਰ 'ਚੋ ਚੋਰੀ

## 'ਬਹੁ ਗਿਣਤੀ ਪੰਜਾਬੀ, ਆਏ ਦਿਨ ਹੋ ਰਹੇ ਹਨ ਚੋਰੀਆਂ ਦਾ ਸ਼ਿਕਾਰ'

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸ਼ੈਂਟਰਲ ਵੈ.ਲੀ ਫਰਿਜ਼ਨੋ ਨਿਵਾਸੀ ਸ. ਅਜੀਤ ਸਿੰਘ ਗਿੱਲ 'ਮੋਗਾ ਵੀਡੀਉ' ਪਰਿਵਾਰ ਸਮੇਤ ਆਪਣੇ ਵਿਸ਼ੇਸ਼ ਪਰਿਵਾਰਕ ਸਮਾਗਮ ਵਿੱਚ ਭਾਰਤ ਜਾਣ ਲਈ ਤਿਆਰ ਸਨ। ਪਰ ਅਚਾਨਕ ਜਦ ਉਨ੍ਹਾਂ ਆਪਣਾ ਪਾਸਪੋਰਟ ਦੇਖਿਆ ਤਾਂ ਉਸ ਦੀ ਮਿਤੀ ਬਿਲਕੁਲ ਖਾਤਮੇ ਦੇ ਨੇੜੇ ਹੈ, ਤਾਂ ਉਹ ਜਾਣ ਤੋਂ ਪਹਿਲਾ ਉਹ ਸਾਰਾ ਸਮਾਨ ਗੱਡੀ ਵਿੱਚ ਰੱਖ ਕੇ ਸਾਨਫਰਾਂਸਿਸਕੋ ਪਾਸਪੋਰਟ ਦਫਤਰ ਜਾ ਕੇ ਉਸ ਨੂੰ ਰੀਨੀਊ ਕਰਾਉਣ ਪਹੁੰਚੇ। ਜਿੱਥੇ ਉਨ੍ਹਾਂ ਨੇ ਗੱਡੀ ਭਾਰੀ ਟਰੈਫਿਕ ਵਾਲੇ ਪਾਰਕਿੰਗ ਏਰੀਏ ਵਿੱਚ ਲਾ ਦਿੱਤੀ। ਇਸ ਉਪਰੰਤ ਜਦ ਉਹ ਆਪਣਾ ਪਾਸਪੋਰਟ ਰੀਨਿਊ ਕਰਵਾਉਣ ਦਾ ਕੰਮ ਕਰਵਾਉਣ ਉਪਰੰਤ ਜਦ ਏਅਰਪੋਰਟ ਜਾਣ ਲਈ ਵਾਪਸ ਗੱਡੀ ਪਾਰਕ ਕੀਤੀ ਗੱਡੀ ਕੋਲ ਆਏ ਤਾਂ ਕਾਰ ਦਾ ਸ਼ੀਸ਼ਾ ਭੰਨਿਆ ਹੋਇਆ ਸੀ। ਕਾਰ ਵਿਚਲਾ ਸਾਰਾ ਸਮਾਨ ਜੋ ਭਾਰਤ ਲਿਜਾਣ ਲਈ ਪੈਕ ਕਰਕੇ ਗੱਡੀ ਵਿੱਚ ਰੱਖਿਆ ਹੋਇਆ ਸੀ। ਉਹ ਸਾਰਾ ਚੋਰੀ ਹੋ ਚੁੱਕਾ ਸੀ। ਜਿਸ ਬਾਰੇ ਜੀਤ ਗਿੱਲ ਹੁਰਾਂ ਉਥੋਂ ਦੀ ਪੁਲਿਸ ਨੂੰ ਰਿਪੋਰਟ ਵੀ ਦਰਜ ਕਰਵਾਈ। ਇਸ ਬਾਰੇ ਗੱਲਬਾਤ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਚੋਰੀ ਹੋਏ ਸਮਾਨ ਦੀ ਕੀਮਤ ਪੱਚੀ ਹਜ਼ਾਰ ਡਾਲਰ ਤੋਂ ਵਧੀਕ ਸੀ। ਇਸ ਦੀ ਕੋਈ ਇੰਨਸ਼ੋਰੈਸ਼ ਕਵਰੈਜ਼ ਨਹੀਂ ਹੋ ਰਹੀ। ਸਾਰੇ ਸਮਾਨ ਸੀ ਚੋਰੀ ਹੋਣ ਕਰਕੇ ਸਮੁੱਚਾ



ਪਰਿਵਾਰ ਭਾਰਤ ਜਾਣ ਤੋਂ ਅਸਮਰੱਥ ਹੀ ਨਹੀਂ ਰਿਹਾ, ਸਗੋਂ ਨਾ ਜਾਣ ਕਰਕੇ ਏਅਰ ਲਾਈਨ ਦੀ ਟਿਕਟ ਦੀ ਕਟੌਤੀ ਵਰਗਾ ਘਾਟਾ ਵੀ ਝੱਲਣਾ ਪਿਆ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਸਾਨ-ਫਰਾਂਸਿਸਕੋ ਆਸ-ਪਾਸ ਦੇ ਇਲਾਕੇ ਭਾਰੀ ਵਸੋਂ ਅਤੇ ਟਰੈਫਿਕ ਵਾਲੇ ਹਨ। ਇਸ ਇਲਾਕੇ ਵਿੱਚ ਚੋਰੀ ਦੀਆਂ ਵਾਰਦਾਤਾ ਹੁੰਦੀਆਂ ਰਹਿੰਦੀਆਂ ਹਨ। ਇਸ ਇਲਾਕੇ ਦੀ ਨਿਵਾਸੀ ਗੋਰੀ ਔਰਤ ਨੇ ਬੋਲਦਿਆ ਦੱਸਿਆ ਕਿ ਇੰਨਾਂ ਚੋਰੀਆਂ ਦਾ ਸ਼ਿਕਾਰ ਇਸ ਤੋਂ ਪਹਿਲਾ ਹੋਰ ਵੀ ਬਹੁਤ ਸਾਰੇ ਪੰਜਾਬੀ ਹੋ ਚੁੱਕੇ ਹਨ। ਜੋ ਇੰਡੀਆਂ ਜਾਣ ਲਈ ਆਪਣਾ ਸਮਾਨ ਪੈਕ ਕਰਕੇ ਲਿਆਉਦੇ ਹਨ ਅਤੇ ਗੱਡੀ ਪਾਰਕ ਲਾ ਪਾਸਪੋਰਟ ਦਫਤਰ ਤੋਂ ਵਾਪਸ ਆਉਦੇ ਹਨ ਤਾਂ ਸਥਾਨਿਕ ਚੋਰਾਂ ਦੇ ਗਰੋਹ ਆਪਣਾ ਹੱਥ ਸਾਫ ਕਰ ਜਾਦੇ ਹਨ। ਚੋਰੀ ਕਰਨ ਵਾਲੇ ਗਰੋਹ ਪੰਜਾਬੀ ਭਾਈਚਾਰੇ ਤੋਂ ਜਾਣੂ ਹਨ ਕਿ ਉਹ ਅਜਿਹੇ ਸਮੇਂ ਆਪਣੇ ਨਾਲ ਕੀਮਤੀ ਸਮਾਨ, ਕੱਪੜੇ, ਗਹਿਣੇ ਅਤੇ ਅਤੇ ਨਕਦੀ ਲੈ ਕੇ ਤੁਰਦੇ ਹਨ। ਸੋ ਸੁਰੱਖਿਆ ਅਤੇ ਚੋਰੀ ਆਦਿਕ ਤੋਂ ਬਚਣ ਲਈ ਆਪਣਾ ਪਾਸਪੋਰਟ ਅਤੇ ਵੀਜ਼ਾ ਆਦਿਕ ਪਹਿਲਾ ਦੇਖ ਲਵੋ ਤਾਂ ਜੋ ਲੋੜੀਦੀ ਕਾਰਵਾਈ ਪਹਿਲਾ ਹੀ ਕੀਤੀ ਜਾ ਸਕੇ। ਰਸਤੇ ਵਿੱਚ ਰੁੱਕ ਕੇ ਦਫਤਰੀ ਕਾਰਵਾਈ ਕਰਨ ਦੀ ਬਜਾਏ ਸਿੱਧੀ ਏਅਰ ਪੋਰਟ ਤੋਂ ਫਲੈਟ ਕਰਕੇ ਸਫਰ ਨੂੰ ਖੁਸਹਾਲ ਬਣਾਇਆ ਜਾ ਸਕੇ।

# ਸੈਨੇਟਰ ਅਤੇ ਕਾਂਗਰਸ ਮੈਂਬਰਾਂ ਨੇ ਕੀਤਾ ਸੋਧੇ ਹੋਏ ਪ੍ਰਸ਼ਾਸਕੀ ਹੁਕਮਾਂ ਦਾ ਵਿਰੋਧ

**ਵਾਸ਼ਿੰਗਟਨ (ਬਿਊਰੋ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਜਾਰੀ ਤਾਜ਼ਾ ਸੋਧੇ ਹੋਏ ਪ੍ਰਸ਼ਾਸਕੀ ਹੁਕਮਾਂ, ਜਿਨ੍ਹਾਂ ਤਹਿਤ ਮੁਸਲਿਮ ਬਹੁਗਿਣਤੀ ਵਾਲੇ ਛੇ ਮੁਲਕਾਂ ਦੇ ਵਸਨੀਕਾਂ ਦੇ ਅਮਰੀਕਾ ਵਿੱਚ ਦਾਖ਼ਲੇ ਉਤੇ ਪਾਬੰਦੀ ਲਾਈ ਗਈ ਹੈ, ਦਾ ਵਿਰੋਧ ਕਰਦਿਆਂ ਭਾਰਤੀ-ਅਮਰੀਕੀ ਕਾਨੂੰਨਸਾਜ਼ਾਂ ਨੇ ਆਖਿਆ ਹੈ ਕਿ ਇਨ੍ਹਾਂ ਨਾਲ ਵੀ ਅਮਰੀਕਾ ਦੇ ਸੁਰੱਖਿਅਤ ਹੋਣ ਦੀ ਗਾਰੰਟੀ ਨਹੀਂ ਹੁੰਦੀ। ਇਹ ਗੱਲ ਕਹਿਣ ਵਾਲਿਆਂ ਵਿੱਚ ਸੈਨੇਟਰ



ਕਮਲਾ ਹੈਰਿਸ ਅਤੇ ਕਾਂਗਰਸ ਮੈਂਬਰ ਅਮੀ ਬੇਰਾ, ਰਾਜਾ ਕ੍ਰਿਸ਼ਨਾ-ਮੂਰਤੀ, ਰੋ ਖੰਨਾ ਅਤੇ ਪ੍ਰਮਿਲਾ ਜੈਪਾਲ ਦੇ ਨਾਂ ਸ਼ਾਮਲ ਹਨ। ਬੀਬੀ ਹੈਰਿਸ ਨੇ ਕਿਹਾ, "ਇਹ ਪਾਬੰਦੀ ਵੀ ਸਾਨੂੰ ਸੁਰੱਖਿਅਤ ਨਹੀਂ ਕਰਦੀ। ਇਹ ਫ਼ੈਸਲਾ ਅਮਰੀਕੀ ਸ਼ਹਿਰੀਆਂ ਦੀ ਜਾਨ ਖ਼ਤਰੇ ਵਿੱਚ



ਪਾਉਂਦਾ ਹੈ ਤੇ ਮੁਸਲਮਾਨਾਂ ਨੂੰ ਅਲੱਗ-ਥਲੱਗ ਕਰਦਾ ਹੈ, ਜਦੋਂਕਿ ਇਸ ਮੌਕੇ ਸਾਨੂੰ ਦੇਸ਼ ਦੇ ਅੰਦਰ ਪੈਦਾ ਹੋ ਰਹੀ ਅੱਤਵਾਦ ਨੂੰ ਰੋਕਣ ਦੀ ਲੋੜ ਹੈ। ਭਾਵੇਂ ਕੋਈ ਤਬਦੀਲੀ ਕੀਤੀ ਗਈ ਹੋਵੇ, ਇਹ ਪ੍ਰਸ਼ਾਸਕੀ ਹੁਕਮ ਗ਼ੈਰਇਖ਼ਲਾਕੀ ਤੇ ਗ਼ੈਰ-ਅਮਰੀਕੀ ਹਨ।" ਦੂਜੇ ਪਾਸੇ ਟਰੰਪ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਅੱਜ ਆਖਿਆ ਕਿ ਇਹ ਪਾਬੰਦੀ ਕਿਸੇ ਵੀ ਤਰ੍ਹਾਂ ਮੁਸਲਮਾਨਾਂ ਖ਼ਿਲਾਫ਼ ਨਹੀਂ ਹੈ, ਸਗੋਂ ਅੱਤਵਾਦ ਤੋਂ ਮੁਲਕ ਨੂੰ ਬਚਾਉਣ ਲਈ ਚੁੱਕਿਆ ਗਿਆ ਇਕ ਕਦਮ ਹੈ।

# ਸਿੱਖ ਨੌਜਵਾਨ 'ਤੇ ਹਮਲੇ ਦੀ ਜਾਂਚ 'ਚ ਐਫਬੀਆਈ ਸ਼ਾਮਲ

**ਵਾਸ਼ਿੰਗਟਨ-** ਇਥੇ ਕੈਂਟ 'ਚ ਘਰ ਬਾਹਰ ਭਾਰਤੀ ਮੂਲ ਦੇ ਸਿੱਖ ਨੌਜਵਾਨ ਦੀਪ ਰਾਏ ਨੂੰ ਗੋਲੀ ਮਾਰੇ ਜਾਣ ਦੀ ਜਾਂਚ ਐਫਬੀਆਈ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸ਼ੱਕੀ ਨਫ਼ਰਤੀ ਅਪਰਾਧ ਦੇ ਮੁਲਜ਼ਮ ਨੇ ਹਮਲੇ ਸਮੇਂ ਕਿਹਾ ਸੀ, 'ਆਪਣੇ ਵਤਨ ਪਰਤ ਜਾਓ।' ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫਬੀਆਈ) ਵੱਲੋਂ ਇਸ ਘਟਨਾ ਦੀ ਨਫ਼ਰਤੀ-ਮੰਤਵ ਵਾਲੇ ਅਪਰਾਧ ਵਜੋਂ ਪੜਤਾਲ ਕੀਤੀ ਜਾ ਰਹੀ ਹੈ। ਐਫਬੀਆਈ ਸਿਆਟਲ ਦੇ ਤਰਜਮਾਨ ਆਈਨ ਡਾਈਟ੍ਰਿਚ ਨੇ ਦੱਸਿਆ, 'ਸਿਆਟਲ ਐਫਬੀਆਈ ਵੱਲੋਂ ਗੋਲੀਬਾਰੀ ਦੀ ਘਟਨਾ ਦੀ ਸਾਂਝੀ ਪੜਤਾਲ ਵਿੱਚ ਕੈਂਟ ਪੁਲੀਸ ਵਿਭਾਗ ਦੀ ਮਦਦ ਕੀਤੀ ਜਾ ਰਹੀ ਹੈ। ਨਫ਼ਰਤੀ-ਉਦੇਸ਼ ਵਾਲੇ ਅਪਰਾਧਾਂ ਦੀ ਪੜਤਾਲ ਲਈ ਐਫਬੀਆਈ ਪ੍ਰਤੀਬੱਧ ਹੈ ਅਤੇ ਅਸੀਂ ਸਿਆਟਲ ਇਲਾਕੇ ਵਿੱਚ ਆਪਣੇ ਭਾਈਚਾਰੇ ਦੇ ਸਾਰੇ ਭਾਈਵਾਲਾਂ ਨਾਲ ਕੰਮ ਜਾਰੀ ਰੱਖਾਂਗੇ।'ਗ਼ੌਰਤਲਬ ਹੈ ਕਿ ਪਿਛਲੇ ਹਫ਼ਤੇ ਕੈਨਸਾਸ 'ਚ ਹੋਈ ਗੋਲੀਬਾਰੀ ਦੀ ਵੀ ਐਫਬੀਆਈ ਵੱਲੋਂ ਜਾਂਚ ਕੀਤੀ ਜਾ ਰਹੀ ਹੈ, ਜਿਸ ਵਿੱਚ 32 ਸਾਲਾ ਭਾਰਤੀ ਇੰਜ-ਨੀਅਰ ਸ੍ਰੀਨਿਵਾਸ ਕੁਚੀਭੋਤਲਾ ਦੀ ਹੱਤਿਆ ਕਰ ਦਿੱਤੀ ਸੀ। ਇਸ ਦੌਰਾਨ ਭਾਰਤੀ-ਅਮਰੀਕੀ ਸੰਸਦ ਮੈਂਬਰ ਐਮੀ ਬੇਰਾ ਨੇ ਦੀਪ ਰਾਏ 'ਤੇ ਹਮਲੇ ਦੀ ਨਿੰਦਾ ਕਰਦਿਆਂ ਕਿਹਾ, 'ਪ੍ਰੇਸ਼ਾਨ ਕਰਨ ਵਾਲੇ ਇਸ ਤਰ੍ਹਾਂ ਦੇ ਅਪਰਾਧ ਸਾਡੇ ਉਨ੍ਹਾਂ ਸਾਰੇ ਅਕੀਦਿਆਂ ਖ਼ਿਲਾਫ਼ ਹਨ, ਜਿਨ੍ਹਾਂ ਲਈ ਅਸੀਂ ਇਸ ਪਰਵਾਸੀਆ ਦੇ ਮੁਲਕ ਦੇ ਵਾਸੀ ਹੋਣ ਨਾਤੇ ਖੜ੍ਹਦੇ ਹਾਂ। ਅਮਰੀਕਾ ਵਿੱਚ ਨਸਲਵਾਦ ਅਤੇ ਵਿਦੇਸ਼ੀਆਂ ਲਈ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਰਾਸ਼ਟਰਪਤੀ (ਡੋਨਲਡ ਟਰੰਪ) ਨਾਲ ਸ਼ੁਰੂ ਹੋਣ ਵਾਲੇ ਅਜਿਹੇ ਅਪਰਾਧਾਂ ਖ਼ਿਲਾਫ਼ ਸਾਨੂੰ ਇਕ ਮੁਲਕ ਵਜੋਂ ਡਟਣ ਦੀ ਲੋੜ ਹੈ। ਮੇਰੀਆਂ ਦੁਆਵਾਂ ਤੇ ਸ਼ੁੱਭ ਇੱਛਾਵਾਂ ਪੀੜਤ ਤੇ ਉਸ ਦੇ ਪਰਿਵਾਰ ਨਾਲ ਹਨ।' ਸਿੱਖ ਕੁਲੀਸ਼ਨ ਨੇ ਕੈਂਟ ਪੁਲੀਸ ਵੱਲੋਂ ਇਸ ਘਟਨਾ ਦੀ ਨਫ਼ਰਤੀ ਅਪਰਾਧ ਵਜੋਂ ਪੜਤਾਲ ਕੀਤੇ ਜਾਣ ਦੀ ਪ੍ਰਸ਼ੰਸਾ ਕੀਤੀ ਹੈ। ਇਸ ਸਿੱਖ ਜਥੇਬੰਦੀ ਦੇ ਅੰਤ੍ਰਿਮ ਪ੍ਰੋਗਰਾਮ ਮੈਨੇਜਰ ਰਾਜਦੀਪ ਸਿੰਘ ਨੇ ਕਿਹਾ ਕਿ ਕੁਲੀਸ਼ਨ ਵੱਲੋਂ ਅਜਿਹੇ ਅਪਰਾਧਾਂ ਨੂੰ ਨੱਪਣ ਲਈ ਟਰੰਪ ਪ੍ਰਸ਼ਾਸਨ ਨੂੰ ਸਖ਼ਤ ਕਦਮ ਚੁੱਕਣ ਵਾਸਤੇ ਅਪੀਲ ਕੀਤੀ ਜਾਂਦੀ ਹੈ

# ਸੈਕਰਾਮੈਂਟੋ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ

## ਸੰਗਤਾਂ ਨੂੰ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਗੁਰਪੁਰਬ ਅਤੇ 17ਵੇਂ ਨਗਰ ਕੀਰਤਨ ਵਿਚ ਸ਼ਾਮਲ ਹੋਣ ਦਾ ਸੱਦਾ

**ਸੈਕਰਾਮੈਂਟੋ (ਕੈਲੇਫੋਰਨੀਆ)–** ਮਿਤੀ 5 ਮਾਰਚ 2017 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸ਼ੁੱਕਰਵਾਰ ਤੋਂ ਪ੍ਰਾਰੰਭ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੀ ਲੜੀ ਜੋ ਦਸੰਬਰ 2016 ਦੀ ਆਰੰਭ ਹੋ ਚੁੱਕੀ ਹੈ, ਇਸ ਅਖੰਡ ਪਾਠ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਸੈਕਰਾਮੈਂਟੋ ਵੱਲੋਂ ਕਰਵਾਈ ਗਈ। ਹਰ ਰੋਜ਼ ਨੌਜਵਾਨ ਸਭਾ ਦੇ ਨੌਜਵਾਨ ਦਿਨ-ਰਾਤ ਗੁਰੂ ਘਰ ਦੀ ਸੇਵਾ ਅਤੇ ਨਗਰ ਕੀਰਤਨ ਦੀਆਂ ਤਿਆਰੀਆਂ ਕਰ ਰਹੇ ਹਨ।

ਅਰਦਾਸ ਉਪਰੰਤ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ, ਭਾਈ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ। ਗੁਰੂ ਘਰ ਦੇ ਸੇਵਾਦਾਰ ਸ੍ਰੀ ਰਮੇਸ਼ ਬੰਗੜ ਨੇ ਦੱਸਿਆ ਕਿ ਅਖੰਡ ਪਾਠ ਸਾਹਿਬ ਦੀ ਲੜੀ ਵਿਚ ਸੋਮਵਾਰ ਨੂੰ ਅਖੰਡ ਪਾਠ ਆਰੰਭ ਅਤੇ ਬੁੱਧਵਾਰ ਨੂੰ ਭੋਗ ਪਾਏ ਜਾਣਗੇ। ਬੁੱਧਵਾਰ ਨੂੰ ਅਖੰਡ ਪਾਠ ਆਰੰਭ ਅਤੇ ਸ਼ੁੱਕਰਵਾਰ ਨੂੰ ਭੋਗ ਪਾਏ ਜਾਣਗੇ। ਇਹਨਾਂ ਦੋਵਾਂ ਸ੍ਰੀ ਅਖੰਡ ਪਾਠਾਂ ਦੀ ਸੇਵਾ ਗੁਰੂ ਘਰ ਦੇ ਸਾਬਕਾ ਪ੍ਰਧਾਨ ਸ੍ਰੀ ਜੋਗਿੰਦਰ ਚੁੰਬਰ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਕਰਵਾਈ ਜਾਵੇਗੀ। ਸਾਰੀ ਸੰਗਤ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਗੁਰਪੁਰਬ ਦੀਆਂ ਖੁਸ਼ੀਆਂ ਵਿਚ ਸ਼ੁੱਕਰਵਾਰ 10 ਮਾਰਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਮਿਤੀ 12 ਮਾਰਚ ਐਤਵਾਰ ਨੂੰ ਭੋਗ ਪਾਏ ਜਾਣਗੇ, ਦੀਵਾਨ ਸਜਾਏ




ਜਾਣਗੇ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਵਿਚ 17ਵਾਂ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੇਸ਼-ਵਿਦੇਸ਼ ਤੋਂ ਆਉਣਗੀਆਂ, ਆਪਣਾ ਜੀਵਨ ਸਫਲ ਕਰਨਗੀਆਂ। ਵੱਖ-ਵੱਖ ਖਰੀਦੋ-ਫਰੋਖਤ ਦੇ ਸਟਾਲ, ਵੱਖ-ਵੱਖ ਲੰਗਰਾਂ ਦੇ ਸਟਾਲ ਲਗਾਏ ਜਾ ਰਹੇ ਹਨ। 12 ਮਾਰਚ ਤੱਕ ਹਰ ਰੋਜ਼ ਸਵੇਰੇ-ਸ਼ਾਮ ਦੀਵਾਨ ਸਜਣਗੇ, ਜਿਹਨਾਂ ਵਿਚ ਵੱਖ-ਵੱਖ ਕੀਰਤਨੀਏ, ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਪ੍ਰਚਾਰਕ ਸੰਗਤਾਂ ਨਾਲ ਸਾਂਝ ਪਾਉਣਗੇ। ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ 11 ਮਾਰਚ ਦਿਨ ਸ਼ਨਿਚਰਵਾਰ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਸ਼ਾਮ ਨੂੰ 5 ਵਜੇ ਪਹਿਨਾਏ ਜਾਣਗੇ ਅਤੇ ਰਾਤ ਨੂੰ ਕੀਰਤਨ ਦਰਬਾਰ ਸਜਾਏ ਜਾਣਗੇ। ਬਾਹਰੋਂ ਆਈਆਂ ਸੰਗਤਾਂ ਦੇ ਠਹਿਰਨ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ। ਦੁਨੀਆਂ ਭਰ ਦੇ ਵੱਡੇ-ਵੱਡੇ ਇਕੱਠਾਂ ਦੀ ਗਿਣਤੀ ਵਿਚ ਗਿਣੇ ਜਾਂਦੇ ਇਸ ਨਗਰ ਕੀਰਤਨ ਵਿਚ ਹਰ ਸਾਲ ਦੀ ਤਰ੍ਹਾਂ ਨਗਰ ਕੀਰਤਨ ਦੀਆਂ ਰੌਣਕਾਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਉਪਰ ਸ੍ਰੀ ਹਰਦਿਆਲ ਬੰਗਾ ਜੀ, ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਤੋਂ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। ਉਪਰੋਕਤ ਜਾਣਕਰੀ ਗੁਰੂ ਘਰ ਦੇ ਸੈਕਟਰ ਰਾਜ ਸੂਦ ਨੇ ਦਿੱਤੀ। ਕੋਈ ਜਾਣਕਾਰੀ ਜਾਂ ਡਾਇਰੈਕਸ਼ਨ ਲਈ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ 916-992-1719 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ










**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 5 ਮਾਰਚ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਜਿਹਨਾਂ ਦੀ ਸੇਵਾ ਗੁਰੂ ਘਰ ਦੇ ਕਮੇਟੀ ਮੈਂਬਰ ਸ੍ਰੀ ਦਿਆਲ ਨਰ ਜੀ (ਸਰਪੰਚ ਸਾਹਿਬ) ਦੇ ਬੇਟੇ ਸ੍ਰੀ ਰੇਸ਼ਮ ਲਾਲ, ਬੀਬੀ ਕਮਲੇਸ਼ ਕੁਮਾਰੀ ਨਰ ਜੀ ਦੀ ਬੇਟੀ ਨਵੀਨ ਨਰ ਜੀ ਦੇ ਡਾਕਟਰੀ ਕੋਰਸ ਪਾਸ ਕਰਨ ਦੀ ਖੁਸ਼ੀ ਵਿਚ ਕੀਤੀ ਗਈ। ਜਿਸ ਵਿਚ ਐਤਵਾਰ ਸਵੇਰੇ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਿਆਲ ਨਰ ਜੀ ਵੱਲੋਂ ਲਿਖੀ ਗਈ ਧਾਰਮਿਕ ਗੀਤਾਂ ਦੀ ਸੀ. ਡੀ. 'ਕਾਸ਼ੀ ਵਿਚ ਡੇਰਾ) ਰਿਲੀਜ਼ ਕੀਤੀ ਗਈ।

ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਿਆਲ ਨਰ ਜੀ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸਟੇਜ ਸਕੱਤਰ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਵੱਲੋਂ ਨਿਭਾਈ ਗਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸਵਰਗਵਾਸੀ ਸ੍ਰੀ ਸਤੀਸ਼ ਮਹਿੰਮੀ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ

**ਸੈਕਰਾਮੈਂਟੋ (ਕੈਲੇਫੋਰਨੀਆ)–** ਬੀਤੀ 25 ਫਰਵਰੀ ਨੂੰ ਪੰਜਾਬੀ ਦੇ ਪ੍ਰਸਿੱਧ ਗਾਇਕ ਸ੍ਰੀ ਸਤੀਸ਼ ਮਹਿਮੀ ਜੀ ਜੋ ਕਿ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ ਸਨ, ਦੀ ਯਾਦ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਅਰਦਾਸ ਬੇਨਤੀ ਕਰਨ ਉਪਰੰਤ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ, ਭਾਈ ਪ੍ਰਭਜੋਤ ਸਿੰਘ ਨੇ ਗੁਰਬਾਣੀ ਦੇ ਸ਼ਬਦਾਂ ਦੀ ਸੰਗਤਾਂ ਨਾਲ ਸਾਂਝ ਪਾਈ। ਉਪਰੰਤ ਐਮ. ਟਰੈਕ ਇੰਟਰਟੇਨਮੈਂਟ ਦੇ ਮਾਲਕ ਅਤੇ ਪੰਜਾਬੀ ਦੇ ਪ੍ਰਸਿੱਧ ਗੀਤਕਾਰ ਸ੍ਰੀ ਮੱਖਣ ਲੁਹਾਰ ਨੇ ਸੰਗਤਾਂ ਨੂੰ ਦੱਸਿਆ ਕਿ ਸ੍ਰੀ ਸਤੀਸ਼ ਮਹਿੰਗੀ ਨਿੱਘੇ ਸੁਭਾਅ ਦੇ ਮਿਲਾਪੜੇ ਇਨਸਾਨ ਸਨ। ਉਹਨਾਂ ਨੇ ਆਪਣੇ ਜੀਵਨ ਵਿਚ ਸਕੂਲ ਤੋਂ ਹੀ ਗਾਉਣਾ ਆਰੰਭ ਕੀਤਾ। ਵੱਖ-ਵੱਖ ਕਲਾਕਾਰਾਂ ਨਾਲ ਮਿਊਜ਼ੀਸ਼ੀਅਨ ਦੇ ਤੌਰ ਤੇ ਕੰਮ ਕੀਤਾ। ਆਪਣੀ ਮਿਹਨਤ ਸਦਕਾ ਪੰਜਾਬੀ ਸੰਗੀਤ ਦੀ ਦੁਨੀਆਂ ਵਿਚ ਕਾਮਯਾਬੀ ਹਾਸਲ ਕੀਤੀ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਡਾ. ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਪੰਜਾਬੀ ਗੀਤ ਗਾਏ।

ਪੰਜਾਬੀ ਦੀ ਪ੍ਰਸਿੱਧ ਲੇਖਿਕਾ ਸ੍ਰੀਮਤੀ ਮਨਜੀਤ ਕੌਰ ਸੇਖੋਂ, ਸ੍ਰੀ ਕੁਲਦੀਪ ਸਿੰਘ ਵੋਹਰਾ, ਸ੍ਰੀ ਸੁਖਦੇਵ ਸਾਹਿਲ ਪ੍ਰਸਿੱਧ ਗਾਇਕ, ਸ੍ਰੀ ਜਸਦੇਵ ਸਿੰਘ ਧੰਜਲ, ਸ੍ਰੀ ਬਿੱਕਰ ਸਿੰਘ ਕੰਮੇਆਣਾ, ਸ੍ਰੀ ਦਿਲਬੀਰ ਸਿੰਘ ਨਿੱਜਰ, ਸ੍ਰੀ ਸੱਤੀ ਪਾਬਲਾ ਅਤੇ ਹੋਰ ਵੱਖ-ਵੱਖ ਪੰਜਾਬੀ ਸੰਗੀਤ ਪ੍ਰੇਮੀਆਂ ਨੇ ਸ੍ਰੀ ਸਤੀਸ਼ ਮਹਿਮੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਦੇ ਮੁੱਖ ਸੇਵਾਦਾਰ ਸ੍ਰੀ ਰਮੇਸ਼ ਬੰਗੜ ਜੀ ਨੇ ਸ੍ਰੀ ਸਤੀਸ਼ ਮਹਿੰਮੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਸਤੀਸ਼ ਮਹਿਮੀ ਬਹੁਤ ਨਿੱਘੇ ਸੁਭਾਅ ਦੇ ਮਿਲਣਸਾਰ, ਦਿਲ ਨੂੰ ਟੁੰਬਣ ਵਾਲੇ ਇਨਸਾਨ ਸਨ। ਸ੍ਰੀ ਬੰਗੜ ਨੇ ਇਸ ਮੌਕੇ ਕਿਹਾ ਕਿ ਮੈਂ ਬਹੁਤ ਕੁਝ ਲਿਖਿਆ ਪਰ ਜੋ ਸਤੀਸ਼ ਮਹਿਮੀ ਨੇ ਮੇਰੇ ਗੀਤ ਗਾ ਕੇ ਜਿੱਥੇ ਤੱਕ ਪਹੁੰਚਾਇਆ, ਕਦੇ ਸੋਚਿਆ ਵੀ ਨਹੀਂ ਸੀ। ਪੰਜਾਬੀ ਮਾਂ ਬੋਲੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸ੍ਰੀ ਸਤੀਸ਼ ਮਹਿਮੀ ਆਪਣੇ ਪਿੱਛੇ ਛੋਟੀ ਉਮਰ ਦੇ ਇਕ ਬੇਟਾ ਅਤੇ ਬੇਟੀ ਛੱਡ ਗਏ। ਗੁਰੂ ਕਾ ਲੰਗਰ ਅਤੁੱਟ ਵਰਤ-ਾਇਆ ਗਿਆ। ਸਟੇਜ ਦੀ ਸੇਵਾ ਸ੍ਰੀ ਰਾਜ ਸੂਦ ਅਤੇ ਮੱਖਣ ਲੁਹਾਰ ਨੇ ਨਿਭਾਈ। ਇਹ ਜਾਣਕਾਰੀ ਸ੍ਰੀ ਦੀਪਕ ਸਰੋਆ, ਪੀ. ਆਰ. ਓ. ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਨੇ ਦਿੱਤੀ।

# ਪੀ.ਐਸ.ਬੀ.ਟੀ.ਈ. ਚੰਡੀਗੜ੍ਹ ਦੀ ਸਮੈਸਟਰ ਪਰੀਖਿਆ ਵਿਚ ਰਾਮਗੜ੍ਹੀਆ ਪੋਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਨੇ ਹਾਸਲ ਕੀਤੇ ਟਾਪ ਰੈਂਕ

**ਫਗਵਾੜਾ (ਰੱਤੂ)–** ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਚੰਡੀਗੜ੍ਹ ਦੀ ਸਮੈਸਟਰ ਪ੍ਰੀਖਿਆ ਵਿਚ ਰਾਮਗੜ੍ਹੀਆ ਪੋਲੀਟੈਕਨਿਕ ਕਾਲਜ ਫਗਵਾੜਾ ਦੇ ਸੈਕੇਂਡ ਸਮੈਸਟਰ ਸਿਵਲ ਇੰਜੀਨਿਅਰਿੰਗ ਦੇ ਵਿਦਿਆਰਥੀ ਪਾਰਸ ਨੇ 10ਵਾਂ ਰੈਂਕ, ਜਸਪਿੰਦਰ ਕੌਰ ਨੇ 6ਵੇਂ ਸਮੈਸਟਰ ਵਿਚ 12ਵਾਂ ਰੈਂਕ ਹਾਸਲ ਕੀਤਾ ਹੈ ਜਦਕਿ ਮਕੈਨਿਕਲ ਇੰਜੀਨੀਅਰਿੰਗ ਦੂਸਰੇ ਸਮੈਸਟਰ ਦੇ ਵਿਦਿਆਰਥੀ ਹੇਮੰਤ ਮੋਹਨ ਨੇ 18ਵਾਂ ਰੈਂਕ ਅਤੇ ਇਲੈਕਟ੍ਰਾਨਿਕ ਕਮਿਊਨੀਕੇਸ਼ਨਸ ਇੰਜੀਨੀਅਰਿੰਗ ਦੂਸਰੇ ਸਮੈਸਟਰ ਦੇ ਵਿਦਿਆਰਥੀ ਪਵਨਪ੍ਰੀਤ ਸਿੰਘ ਨੇ 17ਵਾਂ ਰੈਂਕ ਹਾਸਲ ਕੀਤਾ ਹੈ।

ਵਿਦਿਆਰਥੀਆਂ ਦੀ ਪ੍ਰਾਪਤੀ ਬਾਰੇ ਦਸਦੇ ਹੋਏ



ਰਾਮਗੜ੍ਹੀਆ ਐਜੂਕੇਸ਼ਨਲ ਇੰਸਟੀਚਿਉਟਸ ਦੀ ਚੇਅਰਪਰਸਨ ਸ੍ਰੀਮਤੀ ਮਨਪ੍ਰੀਤ ਕੌਰ ਭੋਗਲ, ਡਾਇਰੈਕਟਰ ਵਯੋਮਾ ਭੋਗਲ ਢੱਟ, ਅਡੀਸ਼ਨਲ ਡਾਇਰੈਕਟਰ ਰਵਨੀਤ ਭੋਗਲ ਕਾਲੜਾ ਅਤੇ ਪ੍ਰਿੰਸੀਪਲ ਜਸਬੀਰ ਸਿੰਘ ਖਸਾਰੀਆ ਨੇ ਦੱਸਿਆ ਕਿ ਇਹ ਪ੍ਰੀਖਿਆਵਾਂ ਮਈ 2016 ਵਿਚ ਹੋਈਆਂ ਸਨ ਜਿਹਨਾਂ ਵਿਚ ਟਾਪ ਰੈਂਕ ਹਾਸਲ ਕਰਕੇ ਉਕਤ ਵਿਦਿਆਰਥੀਆਂ ਨੇ ਰਾਮਗੜ੍ਹੀਆ ਵਿਦਿਅਕ ਅਦਾਰੇ ਦੀ ਕਾਮਯਾਬੀ ਦੀ ਪਰੰਪਰਾ ਨੂੰ ਜਾਰੀ ਰੱਖਿਆ ਹੈ। ਉਹਨਾਂ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਿਆਂ ਉਹਨਾਂ ਨੂੰ ਅਸ਼ੀਰਵਾਦ ਵੀ ਦਿੱਤਾ।

ਦੇਸ਼ ਦੁਆਬਾ

# ਜੋ ਹਮ ਸਹਰੀ ਸੋ ਮੀਤ ਹਮਾਰਾ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪਾਵਨ ਆਗਮਨ ਪੁਰਬ ਮਨਾਏ ਜਾਣ ਦੀਆਂ "ਅਦਾਰਾ ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮਾਣਯੋਗ ਪਾਠਕਾਂ, ਇਸ਼ਤਿਹਾਰ ਦਾਤਾ ਅਤੇ ਹੋਰ ਸਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਸਾਹਿਬਾਨ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

**– ਪ੍ਰੇਮ ਕੁਮਾਰ ਚੁੰਬਰ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-24

## ਰਾਮੁ ਦੀ ਮਹਿਮਾਂ, ਰਾਮ ਚੰਦ ਅਤੇ ਰਾਮ ਰੌਲਾ



**ਅਵਤਾਰ ਸਿੰਘ ਮਿਸ਼ਨਰੀ**
510-432-5827

ਗੁਰੂ ਗ੍ਰੰਥ ਸਾਹਿਬ ਜੀ ਵਿਖੇ ਆਏ ਸ਼ਬਦ ਰਾਮੁ ਅਤੇ ਰਾਮਚੰਦ ਜਿਨ੍ਹਾਂ ਬਾਰੇ ਭਾਜਪਾ ਆਗੂਆਂ ਅਤੇ ਧੁੰਮੇ ਵਰਗੇ ਸਾਧਾਂ ਵਲੋਂ ਵੋਟਾਂ ਦੀ ਰਾਜਨੀਤੀ ਨੂੰ ਲੈ ਕੇ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਰਾਮਚੰਦ੍ਰ ਜੀ ਕੀ ਉਸਤਤਿ ਕੀਤੀ ਗਈ ਹੈ। ਜਿਥੇ ਮਹਾਂ ਪੁਰਖਾਂ ਦੀਆਂ ਸਚਾਈਆਂ ਦਾ ਅਸੀਂ ਸਤਿਕਾਰ ਕਰਦੇ ਹਾਂ ਓਥੇ ਉਨ੍ਹਾਂ ਨਾਲ ਜੋੜੀਆਂ ਮਿਥਿਹਾਸਕ ਕਹਾਣੀਆਂ ਦਾ ਵਿਰੋਧ ਵੀ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਖੇ ਚੰਗੇ ਗੁਣ ਧਾਰਨ ਕਰਨ ਅਤੇ ਅਵਗੁਣ ਤਿਆਗਣ ਦਾ ਉਪਦੇਸ਼ ਹੈ-ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ॥ (੭੬੬) ਗੁਰੂ ਗ੍ਰੰਥ ਸਾਹਿਬ ਵਿਖੇ ਆਏ ਰਾਮ ਸ਼ਬਦ ਦਾ ਮਤਲਵ ਹਰ ਥਾਂ "ਰਾਜਾ-ਰਾਮ" ਜਾਂ "ਰਾਮ-ਚੰਦ" ਨਹੀਂ ਜੋ ਰਾਜਾ ਦਸਰਥ ਦਾ ਬੇਟਾ ਸੀ। ਆਓ ਗੁਰੂ ਗ੍ਰੰਥ ਸਾਹਿਬ ਵਿਖੇ ਆਏ "ਰਾਮੁ" ਅਤੇ "ਰਾਮਚੰਦ" ਸ਼ਬਦਾਂ ਦੀ ਵਿਲੱਖਣਤਾ ਬਾਰੇ ਵਿਚਾਰ ਕਰੀਏ। ਰਾਮੁ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਰਮਿਆ ਹੋਇਆ, ਸਰਬ ਨਿਵਾਸੀ, ਪਾਰਬ੍ਰਹਮ ਅਤੇ ਕਰਤਾਰ।ਹੇਠਾਂ ਅਰਥਾਂ ਸਮੇਤ ਗੁਰਬਾਣੀ ਦੀਆਂ ਤੁਕਾਂ ਦੀ ਵਿਚਾਰ-

੧. ਰਮਤ ਰਾਮ ਸਭ ਰਹਿਓ ਸਮਾਇ॥ (੮੬੫) ਰਾਮ ਸਰਬ ਨਿਵਾਸੀ ਹੈ ੨. ਸਭੈ ਘਟਿ ਰਾਮ ਬੋਲੈ ਰਾਮਾ ਬੋਲੈ ਰਾਮ ਬਿਨਾ ਕੋ ਬੋਲੇ ਰੇ॥ ...ਘਟਿ ਘਟਿ ਰਾਮੁ ਸਮਾਨਾ ਰੇ॥ (੯੮੮) ਸਭਨਾ ਵਿੱਚ ਓਹੀ ਬੋਲ ਰਿਹਾ ਹੈ ੩. ਸਾਧੋ ਇਹੁ ਤਨੁ ਮਿਥਿਆ ਜਾਨਉ॥ ਯਾ ਭੀਤਰਿ ਜੋ ਰਾਮੁ ਬਸਤ ਹੈ ਸਾਚੋ ਤਾਹਿ ਪਛਾਨੋ॥ (੧੧੮੬) ਸਰੀਰ ਮਿਥਿਆ ਹੈ ਰਾਮ ਸਦਾ ਹੈ ੪. ਰਾਮੁ ਰਾਮੁ ਕਰਤਾ ਸਭਿ ਜਗ ਫਿਰੈ ਰਾਮੁ ਨ ਪਾਇਆ ਜਾਇ॥ (੫੫੫) ਤੋਤਾ ਰਟਨੀ ਨਾਲ ਰਮੇ ਹੋਏ ਰਾਮ ਭਗਵਾਨ ਨੂੰ ਪਾਇਆ ਨਹੀਂ ਜਾ ਸਕਦਾ। ੫. ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮੈ ਏਕੁ ਬਿਚਾਰੁ॥ ਸੋਈ ਰਾਮੁ ਸਭੈ ਕਹੈ ਸੋਈ ਕਉਤਕਹਾਰੁ॥ (੧੩੭੪) ਇੱਕ ਰਾਮ ਤਾਂ ਉਹ ਹੈ ਜਿਸ ਨੂੰ ਹਰੇਕ ਜੀਵ ਸਿਮਰਦਾ ਹੈ ਇਹ ਹੈ ਸਰਬ-ਵਿਆਪੀ ਰਾਮ ਪਰ ਇੱਕ ਰਾਮ ਕਉਤਕਹਾਰ ਭਾਵ ਰਾਸਧਾਰੀਏ ਰਾਸਾਂ ਪਾਉਂਦੇ ਰਾਮ ਲੀਲਾ ਖੇਡਦੇ ਸਮੇਂ ਜਪਦੇ ਹਨ ਜੋ ਦਸਰਥ ਦਾ ਬੇਟਾ ਰਾਮ ਅਵਤਾਰ ਹੈ ੬. ਰਾਮੁ ਰਾਮੁ ਕਰਤਾ ਸਭ ਜਗੁ ਫਿਰੈ, ਰਾਮ ਨਾ ਪਾਇਆ ਜਾਇ॥ ਅਗਮੁ ਅਗੋਚਰੁ ਅਤਿ ਵਡਾ ਅਤੁਲ ਨਾ ਤੁਲਿਆ ਜਾਇ॥ (੫੫੫) ਰਾਮ ਰਾਮ ਸਾਰਾ ਸੰਸਾਰ ਰਟੀ ਜਾ ਰਿਹਾ ਹੈ ਇਵੇਂ ਰਾਮ ਨਹੀਂ ਪਾਇਆ ਜਾ ਸਕਦਾ ਕਿਉਂਕਿ ਉਹ ਅਪਹੁੰਚ, ਇੰਦ੍ਰੀਆਂ ਦੀ ਪਕੜ ਤੋਂ ਬਾਹਰ ਸਭ ਤੋਂ ਵੱਡਾ ਅਤੇ ਅਤੁੱਲ ਹੈ ੭. ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਨਾ ਉਹ ਮਰਹਿ ਨਾ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥ (੮) ਇਹ ਜਪੁਜੀ ਸਾਹਿਬ ਜੀ ਦੀ ਪੰਗਤੀ ਹੈ ਅਰਥ ਹਨ ਜਿਨ੍ਹਾਂ ਦਾ ਮਨ ਰੱਬੀ ਰਾਮ ਦੀ ਮਹਿਮਾ ਵਿੱਚ ਸੀਤਾ ਗਿਆ ਭਾਵ ਜੁੜ ਗਿਆ ਉਹ ਆਤਮਕ ਮੌਤੇ ਨਹੀਂ ਮਰਦੇ ਤੇ ਨਾਂ ਹੀ ਸੰਸਾਰੀ ਮੋਹ ਮਾਇਆ ਨਾਲ ਠੱਗੇ ਜਾਂਦੇ ਹਨ। ਇਥੇ ਸੀਤਾ ਸ਼ਬਦ ਦਾ ਅਰਥ ਰਾਮਚੰਦ ਦੀ ਧਰਮ ਪਤਨੀ ਸੀਤਾ ਅਤੇ ਰਾਮ ਦਾ ਅਰਥ ਸ੍ਰੀ ਰਾਮਚੰਦ੍ਰ ਨਹੀਂ, ਧੱਕੇ ਨਾਲ ਡੇਰੇਦਾਰ ਗਲਤ ਅਰਥ ਕਰੀ ਜਾ ਰਹੇ ਹਨ।ਸੋ ਉਪ੍ਰੋਕਤ ਤੁਕਾਂ ਵਿੱਚ ਆਇਆ ਰਾਮ ਸ਼ਬਦ ਨਿਰੰਕਾਰ ਪ੍ਰਭੂ ਦਾ ਲਖਾਇਕ ਹੈ ਅਤੇ ਹੇਠਲੀਆਂ ਤੁਕਾਂ ਵਿੱਚ ਦਸਰਥ ਦਾ ਬੇਟਾ ਰਾਜਾ ਰਾਮ ਚੰਦ ਜੀ-

੧. ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥ ਕੇਤੀਆਂ ਕੰਨ੍ਹ ਕਹਾਣੀਆਂ ਕੇਤੇ ਬੇਦ ਬਿਚਾਰ॥ (੪੬੪) ਭਾਵ ਇੱਕ ਨਿਰੰਕਾਰ ਪ੍ਰਭੂ ਹੀ ਭੈ ਰਹਿਤ ਹੈ ਹੋਰ ਕਿਤਨੇ ਰਾਮ ਉਸ ਦੀ ਚਰਨ ਧੂੜ ਹਨ ਅਤੇ ਕਿਤਨੀਆਂ ਹੀ ਕ੍ਰਿਸ਼ਨ ਦੀਆਂ ਕਹਾਣੀਆਂ ਹਨ। ੨. ਪਾਡੇ ਤੁਮਰਾ ਰਾਮ ਚੰਦ ਸੋ ਭੀ ਆਵਤੁ ਦੇਖਿਆ ਥਾ॥ ਰਾਵਣ ਸੇਤੀ ਸਰਬਰ ਹੋਈ ਘਰ ਕੀ ਜਇ ਗਵਾਈ ਥੀ॥ (੮੭੫) ਭਗਤ ਨਾਮਦੇਵ ਜੀ ਦਰਸਾ ਰਹੇ ਹਨ ਕਿ ਹੇ ਪਾਂਡੇ! ਤੁਹਾਡਾ ਰਾਮ ਚੰਦ ਜੋ ਰਾਵਣ ਕੋਲ ਸੀਤਾ ਗਵਾ ਬੈਠਾ ਸੀ ਉਹ ਵੀ ਦੇਖਿਆ ਗਿਆ ੩. ਰੋਵੈ ਰਾਮ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥ (੯੫੩) ਰਾਮ ਚੰਦ, ਸੀਤਾ ਅਤੇ ਲਛਮਣ ਦੇ ਵਿਛੋੜੇ ਤੇ ਆਪਣੇ ਆਪ ਨੂੰ ਇਕੱਲਾ ਸਮਝ ਕੇ ਰੋਣ ਲੱਗਾ ੪. ਰਾਮ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ॥ ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰ॥ (੧੪੧੨) ਰਾਮ ਝੂਰਦਾ ਹੋਇਆ ਰਾਵਣ ਤੋਂ ਸੀਤਾ ਛਡਵਾਉਣ ਲਈ ਹਨੂੰਮਾਨ ਦੀ ਬਾਂਦਰ ਸੈਨਾ ਨੂੰ ਯਾਦ ਕਰਨ ਲੱਗਾ ੫. ਮਨ ਮਹਿ ਝੂਰੈ ਰਾਮ ਚੰਦ ਸੀਤਾ ਲਛਮਣ ਜੋਗੁ॥ ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ॥ (੧੪੧੨)-ਰਾਮਚੰਦ ਮਨ ਵਿੱਚ ਝੂਰਦਾ ਹੈ ਕਿ ਹੁਣ ਸੀਤਾ ਲਛਮਣ ਜੋਗੀ ਰਹਿ ਗਈ, ਹਨੂੰਮਾਨ ਨੂੰ ਯਾਦ ਕੀਤਾ ਤਾਂ ਉਹ ਸੰਜੋਗਾਂ ਵੱਸ ਆ ਗਿਆ ੬. ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥ (੧੪੨੮)-ਵੱਡੇ ਪ੍ਰਵਾਰਾਂ ਵਾਲੇ ਰਾਮ ਤੇ ਰਾਵਣ ਭੀ ਇਸ ਸੰਸਾਰ ਤੋਂ ਚਲੇ ਗਏ।

**ਨੋਟ**-ਨਿਰੰਕਾਰ ਪ੍ਰਮੇਸ਼ਰ ਤਾਂ ਕਦੇ ਜੰਮਦਾ-ਮਰਦਾ ਨਹੀਂ, ਖਾਂਦਾ-ਪੀਂਦਾ ਤੇ ਰੋਂਦਾ ਨਹੀਂ ਰਾਮ ਚੰਦ ਸਰੀਰ ਕਰਕੇ ਜੰਮਿਆਂ-ਮਰਿਆ ਅਤੇ ਵਿਛੋੜੇ ਵਿੱਚ ਰੋਂਦਾ ਵੀ ਰਿਹਾ ਪਰ ਭਰਮਾਂ ਵਿੱਚ ਭੁੱਲੇ ਹੋਏ ਲੋਕ ਹੀ ਇਹ ਕੱਚੀਆਂ ਗੱਲਾਂ ਕਰਦੇ ਹਨ ਕਿ ਨਿਰੰਕਾਰ ਜੰਮਦਾ-ਮਰਦਾ ਹੈ-ਭ੍ਰਮ ਭੂਲੇ ਨਰ ਕਰਤ ਕਚਰਾਇਣੁ॥ ਜਨਮ ਮਰਣ ਤੇ ਰਹਿਤ ਨਰਾਇਣੁ॥ (੧੧੩੬)

ਰਾਮੁ ਅਤੇ ਰਾਜਾ ਰਾਮ ਵਿੱਚ ਫਰਕ **(ਬਾਕੀ ਸਫਾ 29 ਤੇ)**

## ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਪਾਤਸਾਹੀ ਦਸਵੀਂ, ਪਿੰਡ ਕਨੇਚ (ਲੁਧਿਆਣਾ)



**ਤਸਵਿੰਦਰ ਸਿੰਘ ਬੜੈਚ**
91-98763-22677

ਇਸ ਪਾਵਨ-ਪਵਿੱਤਰ ਅਸਥਾਨ ਦਾ ਇਤਿਹਾਸ ਖਾਲਸਾ ਪੰਥ ਦੇ ਸਿਰਜਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦਪੁਰ ਸਾਹਿਬ ਛੱਡਣ ਤੋਂ ਮੁਕਤਸਰ ਸਾਹਿਬ (ਖਿਦਰਾਣੇ ਦੀ ਢਾਬ) ਦੇ ਸਫਰ ਨਾਲ ਜੁੜਿਆ ਹੋਇਆ ਹੈ। ਗੁਰੂ ਜੀ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ ਤੋ ਹੁੰਦੇ ਹੋਏ 12-13 ਪੋਹ ਦੀ ਠੰਢੀ-ਠਾਰ ਰਾਤ ਨੂੰ ਕਟਾਣਾ ਸਾਹਿਬ (ਦੇਗਸਰ ਸਾਹਿਬ) ਪਹੁੰਚੇ। ਇਥੇ ਹੀ ਰਾਤ ਕੱਟਕੇ ਗੁਰੂ ਜੀ ਸਵੇਰੇ ਪਿੰਡ ਰਾਮਪੁਰ ਤੋ ਪਿੰਡ ਕਨੇਚ 13 ਪੋਹ 1761 ਸੰਮਤ (27 ਦਸੰਬਰ 1704 ਸੰਨ) ਨੂੰ 'ਉੱਚ ਦਾ ਪੀਰ' ਬਣ ਕੇ ਪਲੰਘ ਉੱਤੇ ਬਿਰਾਜਮਾਨ ਹੋ ਕੇ ਪਹੁੰਚੇ, ਜਿਸਦਾ ਇਤਿਹਾਸ ਇਸ ਪ੍ਰਕਾਰ ਹੈ। ਪਿੰਡ ਕਨੇਚ, ਜਿਲ੍ਹਾ ਲੁਧਿਆਣਾ ਦਾ ਮਸਹੂਰ ਕਸਬਾ ਹੈ। ਸਰਬੰਸ-ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਲੰਘ ਉੱਤੇ ਸਵਾਰ ਹੋ ਕੇ ਜਦੋ ਇਥੇ ਆਏ, ਉਸ ਸਮੇ ਭਾਈ ਨਵੀ ਖਾਂ ਗਨੀ ਖਾਂ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਗੁਰੂ ਸਾਹਿਬ ਦੇ ਨਾਲ ਸਨ। ਭਾਈ ਦਿਆ ਸਿੰਘ ਚਾਉਰ ਦੀ ਸੇਵਾ ਕਰ ਰਹੇ ਸਨ। ਆਪ ਜੀ ਦਾ ਇੱਕ ਸਿੱਖ ਫੱਤਾ ਜੱਟ ਇੱਥੇ ਵਸਦਾ ਸੀ। ਇਸ ਨੇ ਗੁਰੂ ਜੀ ਨੂੰ ਪਹਿਚਾਣ ਕੇ ਬੇਨਤੀ ਕੀਤੀ, ਪਾਤਸਾਹ ਕੋਈ ਸੇਵਾ ਕਰਨ ਦੀ ਆਗਿਆ ਕਰੀਏ।

ਗੁਰੂ ਜੀ ਨੂੰ ਪਤਾ ਸੀ ਕਿ ਇਸ ਕੋਲ ਚੰਗੀ ਘੋੜੀ ਹੈ, ਜਿਸ 'ਤੇ ਸਵਾਰ ਹੋ ਕੇ ਕਦੀ ਇਹ ਅਨੰਦਪੁਰ ਜਾਦਾ ਸੀ। ਗੁਰੂ ਜੀ ਨੇ ਘੋੜੀ ਦੀ ਮੰਗ ਕੀਤੀ। ਸੁਣ ਫੱਤਾ ਇਹ ਲੰਘੁ ਟੱਟਵਾਣੀ। ਨਾਹਿ ਅਰੁਦਬੇ ਲਾਇਕ ਜਾਣੀ।।

ਨਹ ਅਸਵਾਰੀ ਹਮ ਕੀਯ ਐਸੀ। ਲਿਆਇ ਦਿਖਾਈ ਤੈ ਅਬ ਜੈਸੀ।।

ਗੁਰੂ ਜੀ ਨੇ ਫੇਰ ਕਿਹਾ ' ਵੱਡੀ ਘੋੜੀ ਲਿਆ ਦਿਉ, ਅਸੀ ਅੱਗੇ ਤੋ ਹੋਰ ਬੰਦੋਬਸਤ ਕਰਕੇ ਛੇਤੀ ਮੋੜ ਭੇਜਾਗੇ।' ਪਰ ਫੱਤੇ ਨੇ ਫੇਰ ਝੂਠ ਬੋਲਿਆ 'ਕਿ ਵੱਡੀ ਘੋੜੀ ਮੇਰਾ ਜਵਾਈ ਲੈ ਗਿਆ ਘਰ ਨਹੀ ਹੈ। ਤਾਂ ਇਸਦੇ ਐਸੇ ਝੂਠ ਨੂੰ ਸੁਣ ਕੇ ਗੁਰੂ ਜੀ ਸਹਿਜੇ ਫਰਮਾਇਆ, ਨਾ ਤੇਰੀ

ਘੋੜੀ ਇਥੇ ਨਾ ਤੂੰ ਰਿਹਾ, ਜਾਹ ਚਲਾ ਜਾਹ। ਐਸਾ ਸੁਣ ਕੇ ਇਹ ਸਿਰ ਸੁੱਟੇ ਘਰ ਨੂੰ ਆਇਆ। ਅੱਗੇ ਅੰਧੇਰੀ ਕੋਠੀ ਵਿੱਚ ਸੱਪ ਦੇ ਡੱਸਣ ਨਾਲ ਘੋੜੀ ਮਰੀ ਪਈ ਸੀ। ਇਸਨੇ ਸੁੱਤੀ ਜਾਣਕੇ ਪੈਰ ਦੇ ਠੇਡੇ ਨਾਲ ਜਗਾਣਾ ਕੀਤਾ ਕਿ ਲਿਆ ਕੇ ਬਾਹਰ ਬੰਨ੍ਹ ਦੇਵਾਂਗਾ। ਪਰ





ਸੁਣਦੇ ਹੀ ਫੱਤੇ ਨੂੰ ਮਾਨੋ ਤਾਪ ਚੜ੍ਹ ਗਿਆ, ਮਨ ਡੋਲ ਗਿਆ ਕਿ ਜੇ ਹਾਕਮਾਂ ਨੂੰ ਪਤਾ ਲੱਗ ਗਿਆ,ਤਾਂ ਸਾਹੀ ਬਾਗੀ ਦੀ ਮਦਦ ਬਦਲੇ ਬੰਨਿਆ ਜਾਵਾਂਗਾ। ਜੇ ਘੋੜੀ ਲੈ ਗਏ ਮੋੜਕੇ ਨਹੀ ਦੇਣਗੇ।

ਐਸਾ ਸੋਚ ਕੇ ਫੱਤੇ ਨੇ ਘਰ ਆ ਕੇ ਇੱਕ ਛੋਟੀ ਘੋੜੀ (ਟੱਟਵਾਣੀ) ਨੂੰ ਪੀੜ ਲਿਆਦਾ ਤੇ ਪੇਸ਼ ਕੀਤੀ , ਪਰ ਦਸਮ ਪਿਤਾ, ਚੋਟੀ ਦੇ ਘੋੜਿਆ ਦੇ ਸਾਹ ਅਸਵਾਰ ਸਨ, ਦੇਖਦੇ ਹੀ ਫਰਮਾਇਆ ਕਿ ਅਸੀ ਟੱਟਵਾਣੀ ਉੱਤੇ ਕਦੀ ਸਵਾਰੀ ਨਹੀ ਕੀਤੀ। ਸੂਰਜ ਪ੍ਰਕਾਸ ਰਿਤੂ 6 ਅੱਸੂ 41 ਵਿੱਚ ਐਸਾ ਲਿਖਿਆ ਹੈ÷

ਪਾਸ ਬੈਠੇ ਕਾਲੇ ਨਾਗ ਨੇ ਇਹਨੂੰ ਵੀ ਡੰਗਿਆ ਤੇ ਥਾਂਈ ਰੱਖਿਆ। ਕਨੇਚ ਤੋ 13 ਪੋਹ ਨੂੰ ਗੁਰੂ ਮਹਾਰਾਜ ਜੀ ਨੇ ਸਾਹਨੇਵਾਲ, ਨੰਦਪੁਰ (ਰੇਰੂ ਸਾਹਿਬ) ਨੂੰ ਚਾਲੇ ਪਾ ਦਿਤੇ। ਜਿਸ ਅਸਥਾਨ 'ਤੇ ਗੁਰੂ ਜੀ ਠਹਿਰੇ ਸਨ, ਉਸ ਅਸਥਾਨ 'ਤੇ ਅੱਜ ਗੁਰਦੁਆਰਾ ਸਾਹਿਬ ਸੁਸੋਭਿਤ ਹੈ।

ਅੱਜ ਕੱਲ੍ਹ ਗੁਰਦੁਆਰਾ ਮੰਜੀ ਸਾਹਿਬ ਕਨੇਚ ਦੀ ਸੇਵਾ ਬਾਬਾ ਨਿਧਾਨ ਸਿੰਘ ਜੀ ਲੰਗਰ ਸਾਹਿਬ, ਸੰਤ ਬਾਬਾ ਸ਼ੀਸਾ ਸਿੰਘ ਜੀ ਕਾਰ ਸੇਵਾ ਵਾਲੇ ਸੰਗਤਾਂ ਦੇ ਸਹਿਯੋਗ ਨਾਲ ਕਰਵਾ ਰਹੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਤਿੰਨ ਰੋਜ਼ਾ ਸ੍ਰੀ ਗੁਰੂ ਗੋਬਿੰਦ ਸਿੰਘ ਪੇਂਡੂ ਖੇਡ ਮੇਲਾ ਸ਼ਾਨੋ ਸ਼ੌਕਤ ਨਾਲ ਸਮਾਪਤ





ਪਿੰਡ ਘੱਲ ਕਲਾਂ ਵਿਖੇ 80ਵਾਂ ਕਬੱਡੀ ਕੱਪ ਟੂਰਨਾਮੈਂਟ ਤਿੰਨ ਰੋਜ਼ਾ ਸ੍ਰੀ ਗੁਰੂ ਗੋਬਿੰਦ ਸਿੰਘ ਟੂਰਨਾਮੈਂਟ ਕਮੇਟੀ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਬੜੇ ਚਾਅ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਦਰਸ਼ਕਾਂ ਵਿਚ ਭਾਰੀ ਉਤਸ਼ਾਹ ਪਾਇਆ ਗਿਆ।

ਇਸ ਟੂਰਨਾਮੈਂਟ ਦੇ ਨਤੀਜੇ ਇਸ ਪ੍ਰਕਾਰ ਰਹੇ: 40 ਕਿਲੋ ਭਾਰ ਦੀਆਂ ਟੀਮਾਂ ਵਿਚੋਂ ਦੀਵਾਰੇ ਵਾਲਾ ਪਹਿਲੇ ਸਥਾਨ ਤੇ ਰਿਹਾ, ਜਦਕਿ ਪਿੰਡ ਬਰਾਜ ਦੀ ਟੀਮ ਦੂਜੇ ਨੰਬਰ ’ਤੇ ਰਹੀ। 55 ਕਿਲੋ ਕਬੱਡੀ ਵਿਚ ਜੀਦਾ ਪਿੰਡ ਨੇ ਪਹਿਲਾ ਸਥਾਨ ਹਾਸਲ ਕੀਤੀ ਤੇ ਮਾਹਲਾ ਕਲਾਂ ਦੀ ਟੀਮ ਦੂਜੇ ਨੰਬਰ ਤੇ ਰਹੀ। 62 ਕਿਲੋ ਕਬੱਡੀ ਮੁਕਾਬਲਿਆਂ ਵਿਚੋਂ ਭਾਈ ਰੂਪਾ ਨੇ ਪਹਿਲਾ ਤੇ ਪਿੰਡ ਜਖੇਪਲ ਨੂੰ ਦੂਜੇ ਸਥਾਨ ’ਤੇ ਸਬਰ ਕਰਨਾ ਪਿਆ। 75 ਕਿਲੋ ਕਬੱਡੀ ਵਿਚੋਂ ਜਗਤ ਸਿੰਘ ਵਾਲਾ ਨੇ ਪਹਿਲਾ ਦਰਜਾ ਤੇ ਜਲਾਲਾਬਾਦ ਨੇ ਦੂਜਾ ਦਰਜਾ ਪ੍ਰਾਪਤਾ ਕੀਤਾ। ਕਬੱਡੀ ਓਪਨ ਵੇਖਣ ਵਿਚ ਦਰਸ਼ਕਾਂ ਵਿਚ ਭਾਰੀ ਉਤਸ਼ਾਹ ਪਾਇਆ ਗਿਆ, ਜਦਕਿ ਮੈਚ ਸ਼ੁਰੂ ਹੋਇਆ ਤਾਂ ਦਰਸ਼ਕਾਂ ਨੇ ਉਹਨਾਂ ਦਾ ਤਾੜੀਆਂ ਮਾਰ ਕੇ ਸਵਾਗਤ ਕੀਤਾ। ਕਬੱਡੀ ਕੱਪ ਓਪਨ ਵਿਚ ਪਿੰਡ ਘੱਲ ਕਲਾਂ ਦੀ ਟੀਮ ਨੇ ਬਾਜ਼ੀ ਮਾਰ ਲਈ ਅਤੇ ਦੂਜੇ ਨੰਬਰ ਤੇ ਫਰੈਂਡਸ ਕਲੱਬ ਘੱਲ ਕਲਾਂ ਕੁਸ਼ਾਲੀ ਕਾ ਦੀ ਟੀਮ ਦੂਜੇ ਨੰਬਰ ’ਤੇ ਰਹੀ।

ਐਥਲੈਟਿਕ ਮੁਕਾਬਲਿਆਂ ਦੇ ਨਤੀਜਿਆਂ ਵਿਚੋਂ ਡਿਸਕਰ ਥਰੋ ਵਿਚੋਂ ਪਹਿਲਾ ਸਥਾਨ ਹਰਦੀਪ ਸਿੰਘ ਮੋਗਾ, ਦੂਜਾ ਗੁਰਤਾਜ਼ ਸਿੰਘ ਘੋਸਾ ਪਾਂਡੋ ਤੇ ਝੋਰੜਾਂ ਦਾ ਗੁਰਵਿੰਦਰ ਸਿੰਘ ਤੀਜੇ ਸਥਾਨ ’ਤੇ ਰਿਹਾ। ਸ਼ਾਰਟ ਪੁੱਟ (ਗੋਲਾ) ਮੁਕਾਬਲੇ ਵਿਚ ਗੁਰਪ੍ਰੀਤ ਗੋਪੀ ਨੇ ਪਹਿਲਾ, ਗੁਰਵਿੰਦਰ ਸਿੰਘ ਝੋਰੜਾਂ ਨੇ ਦੂਜਾ ਤੇ ਗੁਰਤਾਜ ਸਿੰਘ ਖੋਸਾ ਪਾਂਡੋ ਨੇ ਤੀਜਾ ਦਰਜਾ ਪਾਇਆ। 2000 ਮੀਟਰ ਰੇਸ ਵਿਚ ਹਰਪ੍ਰੀਤ ਸਿੰਘ ਘੱਲ ਕਲਾਂ ਨੇ ਪਹਿਲਾ, ਮਨਪ੍ਰੀਤ ਸਿੰਘ ਲੁਧਿਆਣਾ ਦੂਜੇ ਨੰਬਰ ਤੇ ਅਤੇ ਜਸਕਰਨ ਸਿੰਘ ਮਸਤੂਆਣਾ ਤੀਜੇ ਨੰਬਰ ਤੇ ਰਿਹਾ। 1500 ਮੀਟਰ ਦੌੜ ਵਿਚ ਗੁਰਮੀਤ ਸਿੰਘ ਘੋੜਾ ਮਸਤੂਆਣਾ ਸਾਹਿਬ ਨੇ ਪਹਿਲਾ ਸਥਾਨ, ਜਸਦੀਪ ਸਿੰਘ ਜੋਗੀ ਨੇ ਦੂਜਾ ਤੇ ਤੀਜੇ ਸਥਾਨ ਤੇ ਸਿਕੰਦਰ ਮਸੀਹ ਲੁਧਿਆਣਾ ਰਿਹਾ। 400 ਮੀਟਰ ਰੇਸ ਵਿਚ ਹਰਪ੍ਰੀਤ ਸਿੰਘ ਘੱਲ ਕਲਾਂ ਫਸਟ, ਮਨਪ੍ਰੀਤ ਸਿੰਘ ਲੁਧਿਆਣਾ ਸੈਕਿੰਡ ਤੇ ਸਿਕੰਦਰ ਮਸੀਹ ਲੁਧਿਆਣਾ ਥਰਡ ਰਿਹਾ। ਇਸ ਮੌਕੇ ਪ੍ਰਧਾਨ ਸਰਪੰਚ ਬਲਜੀਤ ਸਿੰਘ, ਬਲੌਰ ਸਿੰਘ ਖਜਾਨਚੀ, ਪ੍ਰਧਾਨ ਨਿਰਮਲ ਸਿੰਘ ਬੱਬੂ, ਸਮੂਹ ਟੂਰਨਾਮੈਂਟ ਕਮੇਟੀ ਪਿੰਡ ਦੇ ਪਤਵੰਤੇ ਅਤੇ ਦਰਸ਼ਕ ਵੱਡੀ ਗਿਣਤੀ ਵਿਚ ਹਾਜ਼ਰ ਸਨ।

**ਰਿਪੋਰਟ- ਡਾ. ਬਲਰਾਜ ਸਿੰਘ ਘੱਲਾ ਕਲਾਂ**
**(98150-65177)**

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਪੂਰੀ ਤਾਕਤ ਲਗਾਏਗੀ-ਕ੍ਰਿਪਾਲ ਸਿੰਘ ਬਡੂੰਗਰ

ਇਸ ਤਰ੍ਹਾਂ ਦੀ ਸਥਿਤੀ ਦੇਖਦੇ ਹੋਏ ਹੀ ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਨੂੰ ਕਈ ਜਗ੍ਹਾ ਦਖਲਅੰਦਾਜ਼ੀ ਦੇਣੀ ਪਈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਕੁਝ ਰਾਜ ਸਰਕਾਰਾਂ ਤੋਂ ਇਸ ਸਬੰਧੀ ਸਪਸ਼ਟੀਕਰਨ ਮੰਗੇ ਹਨ। ਭਾਰਤ ਸਰਕਾਰ ਦਾ ਮੰਨਣਾ ਹੈ ਕਿ ਸਮਾਜ ’ਚ ਸਾਖਰਤਾ ਵੱਧ ਰਹੀ ਹੈ ਪਰ ਲੋਕਾਂ ਦੀ ਸੋਚ ’ਚ ਪਰਿਵਰਤਨ ਨਹੀਂ ਆ ਰਿਹਾ ਹੈ। ਲੋਕ ਅਜੇ ਵੀ ਲੜਕੀ ਨੂੰ ਆਪਣੇ ’ਤੇ ਬੋਝ ਸਮਝਦੇ ਹਨ। ਛੋਟੇ ਪਰਿਵਾਰ ਹੁੰਦੇ ਜਾਣ ਕਾਰਨ ਮਾਪਿਆਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਜੇਕਰ ਬੱਚੇ ਦੋ ਹੀ ਰੱਖਣੇ ਹਨ, ਉਹ ਮੁੰਡੇ ਹੀ ਹੋਣ। ਧੀਆਂ ਨੂੰ ਅਜੇ ਵੀ ਬੋਝ ਸਮਝਿਆ ਜਾਂਦਾ ਹੈ। ਉਸ ਤਰ੍ਹਾਂ, ਇਸ ਤਰ੍ਹਾਂ ਦੀ ਸੋਚ ਤੋਂ ਗਰੀਬ ਪਰਿਵਾਰ ਘੱਟ ਅਤੇ ਮੱਧ ਵਰਗੀ ਪਰਿਵਾਰ ਜ਼ਿਆਦਾ ਪੀੜਤ ਹਨ। ਮੱਧਵਰਗੀ ਸੱਸ ਤਾਂ ਪੋਤਾ ਮੰਗਦੀ ਹੀ ਹੈ, ਮਾਂ ਵੀ ਪੁੱਤਰ ਦੀ ਦਾਤ ਲਈ ਦੁਆ ਕਰਦੀ ਹੈ। ਇਹੀ ਜਮਾਤ ਗੈਰਕਾਨੂੰਨੀ ਗਰਭਪਾਤਾਂ ਦੇ ਧੰਦੇ ਨੂੰ ਵੱਧ ਫੈਲਾਅ ਰਿਹਾ ਹੈ। ਭਾਜਪਾ ਦੀ ਅਗਵਾਈ ਵਾਲੀ ਐਨ. ਡੀ. ਏ. ਸਰਕਾਰ ਨੇ ਇਸ ਨਾਂਹਵਾਚੀ ਰੁਝਾਨ ਨੂੰ ਮੋੜਾ ਦੇਣ ਲਈ ’ਬੇਟੀ ਬਚਾਓ, ਬੇਟੀ ਪੜ੍ਹਾਓ’ ਮੁਹਿੰਮ ਦੋ ਸਾਲਾਂ ਤੋਂ ਸ਼ੁਰੂ ਕੀਤੀ ਹੋਈ ਹੈ ਪਰ ਇਸ ਦੇ ਕੋਈ ਸਾਰਥਕ ਨਤੀਜੇ ਅਜੇ ਸਾਹਮਣੇ ਨਹੀਂ ਆਏ। ਇਸ ਮੁਹਿੰਮ ਦਾ ਉਦੇਸ਼ ਲਿੰਗ-ਭੇਦ ਦੇ ਆਧਾਰ ’ਤੇ ਗਰਭਪਾਤ ਰੋਕਣੇ, ਲੜਕੀਆਂ ਦੀ ਵਧੀਆ ਪਰਵਰਿਸ਼ ਤੇ ਚੰਗੀ ਸਿੱਖਿਆ ਸੰਭਵ ਬਣਾਉਣਾ ਹੈ। ਭਾਰਤ ਸਰਕਾਰ ਵੱਲੋਂ ਇਸ ਪ੍ਰੋਗਰਾਮ ਲਈ ਫੰਡ ਵੀ ਦਿੱਤੇ ਜਾ ਰਹੇ ਹਨ ਪਰ ਇਸ ਯੋਜਨਾ ਨੂੰ ਅਮਲੀ ਰੂਪ ਦੇਣਾ ਮੁੱਖ ਤੌਰ ਤੇ ਰਾਜ ਸਰਕਾਰਾਂ ’ਤੇ ਨਿਰਭਰ ਕਰਦਾ ਹੈ ਅਤੇ ਉਹਨਾਂ ਦਾ ਰੁਖ ਮੁੱਖ ਤੌਰ ’ਤੇ ਨਾਅਰਿਆਂ ਤੱਕ ਹੀ ਸੀਮਤ ਹੈ, ਕੋਈ ਠੋਸ ਕਾਰਵਾਈ ਨਹੀਂ ਕੀਤੀ ਜਾ ਰਹੀ। ਇਸ ਪ੍ਰਵਿਰਤੀ ਦੀ ਹਰਿਆਣਾ ਮੁੱਖ ਮਿਸਾਲ ਹੈ। ਉਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੋਣ ਅਤੇ ਭੂਗੋਲਿਕ ਤੌਰ ’ਤੇ ਕੌਮੀ ਰਾਜਧਾਨੀ ਦੇ ਐਨ ਗੁਆਂਢ ’ਚ ਹੋਣ ਦੇ ਬਾਵਜੂਦ ਲੋਕਾਂ ਦੀ ਮਾਨਸਿਕਤਾ ਵਿਚ ਕੋਈ ਕਹਿਣਯੋਗ ਤਬਦੀਲੀ ਨਜ਼ਰ ਨਹੀਂ ਆਈ।

ਦੱਖਣੀ ਭਾਰਤ ਦੇ ਰਾਜਾਂ, ਖਾਸ ਕਰਕੇ ਕੇਰਲਾ ਤੇ ਤਾਮਿਲਨਾਡੂ ’ਚ ਪਹਿਲਾਂ ਲੜਕੀਆਂ ਨੂੰ ਕੁੱਖ ’ਚ ਕਤਲ ਕਰਨ ਦਾ ਰੁਝਾਨ ਨਾ-ਮਾਤਰ ਸੀ। ਕੇਰਲ ’ਚ ਮਹਿਲਾਵਾਂ ਦੀ ਸੰਖਿਆ ਪੁਰਸ਼ਾਂ ਨਾਲੋਂ ਹੁਣ ਵੀ ਵੱਧ ਹੈ। ਉਥੇ 1000 ਪੁਰਸ਼ਾਂ ਪਿੱਛੇ 1084 ਇਸਤਰੀਆਂ ਹਨ। ਇੰਝ ਹੀ ਕੇਂਦਰ ਪ੍ਰਦੇਸ਼ ਪੁੱਡੂਚੇਰੀ ’ਚ ਇਹ ਅਨੁਪਾਤ 1037: 1000 ਹੈ। ਤਾਮਿਲਨਾਡੂ ’ਚ ਹੁਣ 1000 ਪੁਰਸ਼ਾਂ ਪਿੱਛੇ 996 ਇਸਤਰੀਆਂ ਹਨ ਪਰ 0.5 ਸਾਲਾਂ ਦੌਰਾਨ ਪੁਰਸ਼-ਇਸਤਰੀ ਅਨੁਪਾਤ ’ਚ ਨਿਘਾਰ ਲਿਆਉਣਾ ਯਕੀਨੀ ਹੈ। ਉਸ ਰਾਜ ’ਚ ਪਿਛਲੇ 24 ਸਾਲਾਂ ਤੋਂ ਪੰਘੂੜਾ ਸਕੀਮ ਚੱਲ ਰਹੀ ਹੈ, ਜਿਸ ਅਧੀਨ ਲੜਕੀਆਂ ਨੂੰ ਚੁੱਪ-ਚਪੀਤੇ ਪੰਘੂੜਾ ਘਰਾਂ ’ਚ ਛੱਡਿਆ ਜਾ ਸਕਦਾ ਹੈ। ਪੰਘੂੜੇ ’ਚ ਆਈਆਂ ਲੜਕੀਆਂ ਦਾ ਪਾਲਣ-ਪੋਸ਼ਣ ਸਰਕਾਰ ਵੱਲੋਂ ਕੀਤਾ ਜਾਂਦਾ ਹੈ ਤੇ ਇਹ ਗੋਦ ਲੈਣ ਦੇ ਚਾਹਵਾਨਾਂ ਨੂੰ ਵੀ ਸੌਂਪੀਆਂ ਜਾਂਦੀਆਂ ਹਨ। ਅਜਿਹਾ ਕੁਝ ਹੋਣ ਦੇ ਬਾਵਜੂਦ ਲੜਕੀਆਂ ਦਾ ਲਗਾਤਾਰ ਘਟਦੇ ਜਾਣਾ ਇਕ ਚਿੰਤਾਜਨਕ ਵਿਸ਼ਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਹੁ-ਚਰਚਿਤ ਯੋਜਨਾ ’ਨੰਨੀ ਛਾਂ’ ਨੂੰ ਮੁੜ ਆਪਣੇ ਹੱਥਾਂ ’ਚ ਲੈਂਦਿਆਂ ‘ਬੂਟਾ ਪ੍ਰਸ਼ਾਦਿ’ ਵੰਡਣ ਦਾ ਕੰਮ ਸ਼ੁਰੂ ਕੀਤਾ ਹੈ। ਸਭ ਤੋਂ ਪਹਿਲਾਂ ਇਹ ਯੋਜਨਾ ਅਗਸਤ 2008 ’ਚ ਉੱਘੇ ਵਿਉਪਾਰਕ ਘਰਾਣੇ ਰੈਨਬੈਕਸੀ ਨੇ ਪੰਜਾਬ ਸਰਕਾਰ ਨਾਲ ਪਹਿਲ-ਕਦਮੀ ਕਰਦਿਆਂ ਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਆਰੰਭ ਕੀਤੀ ਸੀ। ਇਸ ਦਾ ਮੁੱਖ ਮੰਤਵ ਕੁੜੀਆਂ ਤੇ ਵਾਤਾਵਰਣ ਨੂੰ ਬਚਾਉਣ ਲਈ ਲੋਕ ਚੇਤਨਾ ਬਣਾਉਣਾ ਸੀ ਪਰ ਬਾਦਲ ਪਰਿਵਾਰ ਨੇ ਇਸ ਯੋਜਨਾਂ ਨੂੰ ਆਪਣੇ ਸਿਆਸੀ ਹਿੱਤਾਂ ਦੀ ਖਾਤਰ ਰੈਨਬੈਕਸੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਹਥਿਆ ਲਿਆ। ਇਸ ਤਰ੍ਹਾਂ ਇਹ ਦੋਵੇਂ ਅਦਾਰੇ ਆਪਣੀ ਇਸ ਯੋਜਨਾ ਤੋਂ ਪਿੱਛੇ ਹਟ ਗਏ ਤੇ ਬਾਦਲ ਪਰਿਵਾਰ ਵੀ ਸਿਰਫ਼ ਆਪਣੀ ਸ਼ੋਹਰਤ ਖੱਟਣ ਤੋਂ ਸਿਵਾਏ ਹੋਰ ਕੁਝ ਨਹੀਂ ਕਰ ਸਕਿਆ। ਇਹ ਗੱਲ ਤਾਂ ਜੱਗ ਜ਼ਾਹਿਰ ਹੈ। ਇਸ ਲਈ ਇਸ ਯੋਜਨਾ ਦੇ ਅਸਫਲ ਹੋਣ ਨਾਲ ’ਨੰਨੀ ਛਾਂ’ ਦੀ ਆਲੋਚਨਾ ਹੋਣਾ ਸੁਭਾਵਿਕ ਗੱਲ ਸੀ। ਰੈਨਬੈਕਸੀ ਗਰੁੱਪ ਨੇ ਵੱਖਰੇ ਤੌਰ ’ਤੇ ਆਪਣੀ ’ਨੰਨੀ ਛਾਂ ਫਾਊਂਡੇਸ਼ਨ’ ਸਥਾਪਤ ਕਰਕੇ ਕੁੱਖਾਂ ਤੇ ਰੁੱਖਾਂ ਨੂੰ ਬਚਾਉਣ ਲਈ ਤੇ ਇਸ ਦੇ ਨਾਲ ਲੱਗਦੇ ਹੋਰ ਸਮ-ਾਜਿਕ ਭਲਾਈ ਦੇ ਕੰਮਾਂ ਨੂੰ ਇਸ ਨਾਲ ਜੋੜ ਕੇ ਆਪਣੇ ਮੁਢਲੇ ਉਦੇਸ਼ਾਂ ਦੀ ਪ੍ਰਾਪਤੀ ਲਈ ਯਤਨ ਕਰਨੇ ਆਰੰਭ ਕਰ ਦਿੱਤੇ। ਇਸ ਤਰ੍ਹਾਂ ਪੰਜਾਬ ਸਰਕਾਰ ਇਹ ਯੋਜਨਾ ਬਾਦਲ ਪਰਿਵਾਰ ਤੱਕ ਹੀ ਸਿਮਟ ਕੇ ਰਹਿ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਕਤ ਸ਼ੁਰੂ ਕੀਤੀ ਗਈ ਯੋਜਨਾ ਤੇ ਪੈਸਾ ਕਮੇਟੀ ਵੱਲੋਂ ਲਗਾਇਆ ਗਿਆ ਤੇ ਰਾਜਨੀਤਿਕ ਲਾਹਾ ਬਾਦਲ ਪਰਿਵਾਰ ਲੈਂਦਾ ਰਿਹਾ ਹੈ। ਪਰ ਇਨ੍ਹਾਂ ਦੀ ਸਰਕਾਰ ਦੇ ਪਿਛਲੇ ਦਸ ਸਾਲਾਂ ਦੇ ਸਮੇਂ ਦੌਰਾਨ ਔਰਤਾਂ ਨਾਲ ਵਧੀਕੀਆਂ ਤੇ ਉਨ੍ਹਾਂ ’ਤੇ ਜੁਰਮਾਂ ’ਚ ਭਾਰੀ ਵਾਧਾ ਹੋਇਆ ਹੈ ਤੇ ਵਿਕਾਸ ਦੇ ਨਾਂ ’ਤੇ ਰੁੱਖਾਂ ਦੀ ਬਹੁਗਿਣਤੀ ’ਚ ਹੋਈ ਕਟਾਈ ਨਾਲ ਵਾਤਾਵਰਣ ਦੂਸ਼ਿਤ ਹੋਇਆ ਹੈ ਤੇ ਇਸ ਲਈ ’ਨੰਨੀ ਛਾਂ’ ਦੇ ਆਪਣੇ ਮੰਤਵ ’ਚ ਅਸਫਲ ਰਹਿਣ ’ਤੇ ਪ੍ਰਸ਼ਨ ਚਿੰਨ੍ਹ ਲੱਗਣੇ ਕੋਈ ਅਚੰਭਾ ਪੈਦਾ ਕਰਨ ਵਾਲੀ ਗੱਲ ਨਹੀਂ ਹੈ।

ਸਿੱਖ ਧਰਮ ’ਚ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ, ‘ਸੋ ਕਿਉ ਮੰਦਾ ਆਖੀਐ, ਜਿਤੁ ਜੰਮੈ ਰਾਜਾਨ’’ ਦੇ ਕਥਨ ਅਨੁਸਾਰ ਔਰਤ ਦੀ ਸਮਾਜ ’ਚ ਬਹੁਤ ਮਹਾਨਤਾ ਹੈ ਤੇ ਸਿੱਖ ਧਰਮ ਔਰਤ ਦਾ ਬਹੁਤ ਸਤਿਕਾਰ ਕਰਦਾ ਹੈ ਤੇ ਰੁੱਖਾਂ, ਕੁੱਖਾਂ ਤੇ ਵਾਤਾਵਰਣ ਦੀ ਸਾਂਭ-ਸੰਭਾਲ ਦੇ ਕਾਰਜ ਨੂੰ ਉੱਤਮ ਕਾਰਜ ਮੰਨਦਾ ਹੈ। ਇਸ ਲਈ, ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਉਚੇਚੇ ਯਤਨਾਂ ਤੇ ਚੇਤਨਾ ਪੈਦਾ ਕਰਨ ਲਈ ਅਜੋਕੇ ਸਮੇਂ ਦੀ ਪ੍ਰਮੁੱਖ ਜ਼ਰੂਰਤ ਹੈ। ਇਸ ਲਈ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਸਿਆਸੀ ਪਾਰਟੀ ਦੇ ਹੱਥਾਂ ’ਚ ਨਾ ਖੇਡਦੀ ਹੋਈ ਇਸ ‘ਨੰਨ੍ਹੀ ਛਾਂ’ ਯੋਜਨਾ ਨੂੰ ਆਪਣੇ ਕਬਜ਼ੇ ’ਚ ਰੱਖੇ ਕਿਉਂਕਿ ਇਸ ਯੋਜਨਾ ’ਤੇ ਪੈਸੇ ਵੀ ਤਾਂ ਸ਼੍ਰੋਮਣੀ ਕਮੇਟੀ ਹੀ ਖਰਚ ਕਰਦੀ ਹੈ। ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਦੇ ਨਾਲ-ਨਾਲ ਇਸ ‘ਨੰਨ੍ਹੀ ਛਾਂ’ ਯੋਜਨਾ ਦੇ ਮੁਢਲੇ ਉਦੇਸ਼ਾਂ ਨੂੰ ਬੜੀ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ ਤੇ ਇਸ ਨੂੰ ਧਰਮ ਦੀ ਸੋਚ ਦੇ ਨਾਲ ਜੋੜ ਕੇ ਬਹੁਤ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ।



ਹੁਣ ਤੱਕ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਔਰਤ ਪ੍ਰਤੀ ਤਾਹੀਓਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਤਰਫ਼ਦਾਰੀ ਤੇ ਵਕਾਲਤ ਕਰਦੇ ਹਨ-ਪਰ ਔਰਤ ਪ੍ਰਤੀ ਹਰ ਵਿਰੋਧੀ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖ਼ਾਹ-ਮਖ਼ਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਹੈ, ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਇਸ ਲਈ ਔਰਤ ਨੂੰ ਵੀ ਆਪਣੀ ਸੋਚ ਵਿਚ ਉਸਾਰੂ ਪ੍ਰੀਵਰਤਨ ਲਿਆਉਣ ਦੀ ਲੋੜ ਹੈ ਤਾਂ ਜੋ ਕੋਈ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ।

ਕੇਵਲ ਉਹ ਸਮਾਜ ਹੀ ਸਭਿਅਤ ਅਖਵਾਉਣ ਦਾ ਹੱਕ ਰੱਖਦਾ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿਚ ਪੰਡਤ ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ ‘‘ਕਿਸੇ ਕੰਮ ਵਿਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।’’ ਅਰਸਤੂ ਕਹਿੰਦਾ ਹੈ, ‘‘ਔਰਤ ਦੀ ਉਨਤੀ ਅਤੇ ਗਿਰਾਵਟ ਤੇ ਹੀ, ਰਾਸ਼ਟਰ ਦੀ ਉਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ।’’ ਨਿਰਸੰਦੇਹ ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ ਕਿ, ‘‘ਸੰਦਲੀ ਪੌਣਾਂ ਝੂਲਦੀਆਂ, ਜਿੱਥੇ ਨਾਰੀ ਦਾ ਸਨਮਾਨ।’’

ਔਰਤ ਜਾਤੀ ਦੀਆਂ ਸਮੱਸਿਆਵਾਂ ਦਾ ਅਧਿਐਨ ਤੇ ਚਿੰਤਨ ਕਰਨਾ ਬੜਾ ਜ਼ਰੂਰੀ ਹੈ ਤਾਂ ਜੋ ਇਸਦਾ ਕੋਈ ਸਾਰਥਕ ਤੇ ਵਿਗਿਆਨਕ ਹੱਲ ਲੱਭਿਆ ਜਾ ਸਕੇ। ਔਰਤ ਨੂੰ ਨਿਰੋਲ ਵਸਤੂ ਜਾਂ ਪਦਾਰਥ ਨਾ ਸਮਝਦਿਆਂ ਹੋਇਆਂ, ਉਸ ਨਾਲ ਸੁਖਾਵਾਂ ਤੇ ਸੁਹਿਰਦਤਾ ਵਾਲਾ ਵਿਵਹਾਰ ਕਰੀਏ। ਮੇਰੇ ਵੀਰੋ ਆਓ! ਉਸ ਨੂੰ ਪੀੜਾਂ, ਕਸਕਾਂ, ਚਸਕਾਂ, ਹਉਕਿਆਂ, ਹਾਵਿਆਂ ਦੀ ਤ੍ਰਾਸਦੀ ਤੋਂ ਮੁਕਤੀ ਤੇ ਆਜ਼ਾਦੀ ਦਿਵਾਉਣ ਲਈ ਹਰ ਹੀਲਾ ਅਪਣਾਈਏ। ਇਸ ਲਈ ਭਾਵੇਂ ਸਾਨੂੰ ਕਿਸੇ ਲੰਮੇ ਸੰਘਰਸ਼ ਦਾ ਹੀ ਕਿਉਂ ਨਾ ਰਾਹ ਅਪਣਾਉਣਾ ਪਵੇ। ਜਨਮ-ਪੂਰਵ ਤੋਂ ਮਰਨ ਤੱਕ ਉਸ ਨੂੰ ਭਰੂਣ ਹੱਤਿਆ, ਬਲਾਤਕਾਰ, ਦਾਜ, ਵੇਸ਼ਵਾਪਣ, ਨਾਬਰਾਬਰੀ, ਪਤੀ ਦਾ ਜ਼ੁਲਮ, ਅਸੁਰੱਖਿਆ ਅਤੇ ਅਨਪੜ੍ਹਤਾ ਆਦਿਕ ਅਨੇਕਾਂ ਗੰਭੀਰ ਸਮੱਸਿਆਵਾਂ ’ਚੋਂ ਗੁਜ਼ਰਨਾ ਪੈਂਦਾ ਹੈ। ਫਿਰ ਵੀ ਉਹ ਸਮਾਜ ਵਿਚ ਵਿੱਚਰ ਰਹੀ ਹੈ। ਉਹ ਅਬਲਾ ਨਹੀਂ ਹੈ, ਕਮਜ਼ੋਰ ਨਹੀਂ ਸਗੋਂ ਬਹੁਤ ਬਲਵਾਨ ਹੈ ਜੋ ਮਨੁੱਖੀ ਸ਼ਕਤੀ ਲਈ ਪ੍ਰੇਰਨਾ ਸਰੋਤ ਬਣ ਕੇ ਉਸ ਦੇ ਵਿਅੱਕਤਿਤਵ ਨੂੰ ਸਨਮਾਨਿਤ ਕਰਦੀ ਹੈ। ਆਓ, ਜ਼ਰਾ ਅਧਿਐਨ ਕਰੀਏ ਇਹਨਾਂ ਗੰਭੀਰ ਸਮੱਸਿਆਵਾਂ ਦਾ ਜੋ ਔਰਤ ਜਾਤੀ ਦੀ ਹੋਂਦ ਵਿਚ ਅੜਿੱਕਾ ਬਣ ਕੇ ਖੜ੍ਹੀਆਂ ਹਨ:-

**ਦਾਜ ਦੀ ਸਮੱਸਿਆ:** ਇਹ ਘਟਨਾਵਾਂ ਸਿਰਫ਼ ਨੂੰਹਾਂ ਨਾਲ ਹੀ ਵਾਪਰਦੀਆਂ ਹਨ ਪਰ ਆਪਣੀਆਂ ਧੀਆਂ ਨਾਲ ਨਹੀਂ? ਇਹ ਇਲਜ਼ਾਮ ਆਮ ਵੇਖਣ ਨੂੰ ਲੱਗਦਾ ਹੈ ਕਿ ਲੋਭੀ ਸਹੁਰੇ ਦਾਜ ਦੀ ਮੰਗ ਕਰਦੇ ਹਨ, ਵਹੁਟੀ ਦੇ ਦਾਜ ਨਾ ਲਿਆਉਣ ਤੇ ਉਸ ਦੀ ਕੁੱਟਮਾਰ ਕੀਤੀ ਜਾਂਦੀ ਹੈ, ਸਟੋਵ ਫੱਟ ਗਿਆ, ਅੱਗ ਲੱਗ ਗਈ, ਖੁਦਕੁਸ਼ੀ ਕਰਨ ਦੀਆਂ ਘਟਨਾਵਾਂ, ਅੱਗੇ ਬੋਲਣ ਦੇ ਇਲਜ਼ਾਮ, ਨਾਜਾਇਜ਼ ਸੰਬੰਧਾਂ ਦਾ ਇਲਜ਼ਾਮ, ਕਹਿਣਾ ਨਾ ਮੰਨਣ ਦਾ ਇਲਜ਼ਾਮ ਤੇ ਘਰ ਦੀ ਮਰਿਆਦਾ ਤੋੜਨ ਦੇ ਇਲਜ਼ਾਮ ਆਦਿ ਲੱਗਦੇ ਹਨ। ਘਰਦਿਆਂ ’ਤੇ ਜ਼ਿਆਦਾਤਰ ਦਾਜ ਦੇ ਝੂਠੇ ਕੇਸ ਹੀ ਬਣਾਏ ਜਾਂਦੇ ਹਨ, ਸਿਰਫ਼ ਲੜਕੇ ਵਾਲਿਆਂ ਤੋਂ ਪੈਸੇ ਲੈਣ ਦੀ ਖਾਤਰ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿਉਂਕਿ ਔਰਤ ਦੇ ਹੱਕ ਵਿਚ ਜ਼ਿਆਦਾ ਕਾਨੂੰਨ ਹੋਣ ਕਾਰਨ ਇਸ ਤਰ੍ਹਾਂ ਕੀਤਾ ਜਾਂਦਾ ਹੈ। ਹੁਣੇ-ਹੁਣੇ ਇਕ ਰਿਪੋਰਟ ਆਈ ਹੈ, ਜਿਸ ਵਿਚ ਦਾਜ ਦੀ ਮੰਗ ਤੇ ਉਕਤ ਦੱਸੇ ਗਏ ਇਲਜ਼ਾਮਾਂ ਦੀਆਂ ਘਟਨਾਵਾਂ ਵਾਪਰਨ ਦੇ 98 ਫੀਸਦੀ ਕੇਸ ਝੂਠੇ ਸਾਬਤ ਹੋਏ ਹਨ ਅਤੇ ਸਿਰਫ਼ 2 ਫੀਸਦੀ ਕੇਸ ਹੀ ਅਦਾਲਤਾਂ ਵਿਚ ਸੱਚ ਸਾਬਤ ਹੋਏ ਹਨ। ਮੈਂ ਆਪਣੇ ਪਾਠਕਾਂ ਨੂੰ ਇਸ ਸਬੰਧੀ ਆਪਣੇ ਕਿਸੇ ਅਗਲੇ ਲੇਖ ਵਿਚ ਵਿਸਥਾਰ ਨਾਲ ਜਾਣਕਾਰੀ ਦਿਆਂਗਾ। ਸਹੁਰਾ ਪਰਿਵਾਰ ਹੋਵੇ ਭਾਵੇਂ ਵਿਆਹੁਤਾ ਖੁਦ ਕਿੜਾਂ ਕੱਢਣ ਦੀ ਪ੍ਰਵਿਰਤੀ ਨੂੰ ਜ਼ਿੰਦਗੀ ਦੀ ਤ੍ਰਾਸਦੀ ਸਮਝ ਕੇ ਤਿਆਗ ਦੇਣ। ਸਮਾਜ ਸੇਵੀ ਸੰਸਥਾਵਾਂ ਨੂੰ ਸਹਿਯੋਗ ਦੇ ਕੇ ਅਜਿਹੇ ਮਾਮਲਿਆਂ ਨੂੰ ਨਿਪਟਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

**ਭਰੂਣ ਹੱਤਿਆ-** ਕੁਦਰਤ ਦੀ ਸਧਾਰਨ ਜਨਮ ਪ੍ਰਕਿਰਿਆ ਅਨੁਸਾਰ ਹਰ 100 ਲੜਕੀਆਂ ਪਿੱਛੇ 105 ਲੜਕੇ ਜਨਮ ਲੈਂਦੇ ਹਨ ਪਰ ਕੁੜੀਆਂ ਪ੍ਰਤੀ ਤਾਂ ਜਨਮ ਤੋਂ ਪਹਿਲਾਂ ਹੀ ਵਰਤੇ ਜਾਂਦੇ ਕੁਕਰਮ (ਭਰੂਣ ਹੱਤਿਆ) ਸਦਕਾ ਲਿੰਗ ਅਨੁਪਾਤ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿਸ ਰਫ਼ਤਾਰ ਨਾਲ ਲੜਕੀਆਂ ਦੀ ਗਿਣਤੀ ਘੱਟ ਰਹੀ ਹੈ, ਆਉਣ ਵਾਲੇ ਸਮੇਂ ਵਿਚ ਲੜਕਿਆਂ ਨੂੰ ਵਿਆਹ ਕਰਾਉਣ ਲਈ ਲੜਕੀਆਂ ਦੀ ਬਹੁਤ ਘਾਟ ਹੋ ਜਾਵੇਗੀ ਤੇ ਵਿਆਹ ਕਰਾਉਣ ਲਈ ਕੋਈ ਲੜਕੀ ਨਹੀਂ ਮਿਲੇਗੀ। ਇਸ ਘਾਟ ਕਾਰਨ ਔਰਤਾਂ ਨਾਲ ਜਬਰਨ ਬਲਾਤਕਾਰ ਦੀਆਂ ਘਟਨਾਵਾਂ ਵਿਚ ਹੋਰ ਵਾਧਾ ਹੋਵੇਗਾ। ਸੰਸਾਰ ਦਾ ਮਹਾਨ ਮਨੋਵਿਗਿਆਨੀ ਸਿਗਮੰਡ ਫਰਾਇਡ, ‘‘ਕਾਮ ਪ੍ਰਵਿਰਤੀ ਨੂੰ ਮਨੁੱਖ ਦੀਆਂ ਦੂਜੀਆਂ ਪ੍ਰਵਿਰਤੀਆਂ ਨਾਲੋਂ ਜ਼ਿਆਦਾ ਬਲਵਾਨ ਪ੍ਰਵਿਰਤੀ ਦੱਸਦਾ ਹੈ ਕਿਉਂਕਿ ਜਦੋਂ ਇਹ ਪ੍ਰਵਿਰਤੀ ਉਜਾਗਰ ਹੁੰਦੀ ਹੈ ਤਾਂ ਇਹ ਮਨੁੱਖ ਦੀਆਂ ਦੂਜੀਆਂ ਪ੍ਰਵਿਰਤੀਆਂ ਤੇ ਆਪਣਾ ਗਲਬਾ ਜਮ੍ਹਾ ਲੈਂਦੀ ਹੈ ਤੇ ਮਨੁੱਖ ਪਾਗਲ ਹੋ ਕੇ ਬਲਾਤਕਾਰ ਵਰਗੀਆਂ ਘਟਨਾਵਾਂ ਨੂੰ ਅੰਜ਼ਾਮ ਦਿੰਦਾ ਹੈ।’’ ਇਸ ਲਈ ਹੇ ਮਨੁੱਖ! ਤੂੰ ਮੁੰਡੇ ਦੀ ਚਾਹਤ ਲਈ ਇਸ ਪ੍ਰਕਿਰਤੀ ਦੇ ਨਿਯਮ ਨਾਲ, ਭਰੂਣ ਹੱਤਿਆ ਕਰਕੇ ਸੰਤੁਲਨ ਨਾ ਵਿਗਾੜ ਨਹੀਂ ਤਾਂ ਵੇਲਾ ਲੰਘ ਜਾਣ ਤੋਂ ਬਾਅਦ ਬਹੁਤ ਪਛਤਾਵੇਂਗਾ।

ਸਾਲ 2014 ਦੀ ਮਰਦਮਸ਼ੁਮਾਰੀ ਅਨੁਸਾਰ 0-1 ਸਾਲ ਦੇ ਬੱਚਿਆਂ ਦਾ ਇਹ ਅਨੁਪਾਤ ਪੰਜਾਬ ਤੇ ਭਾਰਤ ਦੇ ਕਈ ਹਿੱਸਿਆਂ ਵਿਚ 997 : 1000 ਸੀ। ਲਿੰਗ ਅਨੁਪਾਤ ਦਾ ਇਹ ਆਸਾਵਾਂਪਣ ਮਨੁੱਖ ਜਾਤੀ ਲਈ ਇਕ ਖ਼ਤਰੇ ਦੀ ਵੱਡੀ ਘੰਟੀ ਹੈ। ਇਸ ਕੁਰੀਤੀ ਦੇ ਕਈ ਕਾਰਨ ਹਨ। ਅਗਿਆਨਤਾ ਤੋਂ ਅਨਪੜ੍ਹਤਾ, ਸਮਾਨਤਾ ਦੀ ਉਸਾਰੂ ਸੋਚ ਨਹੀਂ ਬਣਨ ਦਿੰਦੀ। ਇਸ ਤੋਂ ਅੱਗੇ ਵੰਸ਼ ਅੱਗੇ ਤੋਰਨ ਦੀ ਲਾਲਸਾ, ਦਾਜ ਦੀ ਲਾਹਨਤ, ਬੁਢਾਪੇ ਦਾ ਸੰਕਲਪ ਕਿ ਪੁੱਤ ਹੀ ਕਮਾਊ ਤੇ ਬੁਢਾਪੇ ਦਾ ਸਹਾਰਾ ਹੁੰਦੇ ਹਨ, ਜਿਹੇ ਕਾਰਨ ਵੀ ਕੁੜੀਆਂ ਦੀ ਘਟਦੀ ਗਿਣਤੀ ਲਈ ਜ਼ਿੰਮੇਵਾਰ ਹਨ। ਭਾਵੇਂ ਕਾਨੂੰਨ ਦੀ ਸਖ਼ਤੀ ਕਾਰਨ ਇਸ ’ਤੇ ਕੁਝ ਹੱਦ ਤੱਕ ਰੋਕ ਵੀ ਲੱਗੀ ਹੈ ਤੇ ਲਿੰਗ ਅਨੁਪਾਤ ਵਿਚ ਕੁਝ ਵਾਧਾ ਵੀ ਹੋਇਆ ਹੈ ਪਰ ਇਸ ਵਿਚ ਵੱਡੀ ਲੋੜ ਸਾਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਦੀ ਹੈ।

ਬਲਾਤਕਾਰ ਦੀ ਸਮੱਸਿਆ- ਬਲਾਤਕਾਰ ਲਈ ਪਹਿਲਾਂ ਇੱਜ਼ਤ ਨਾਲ ਖੇਡਣਾ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਹਰ ਰੋਜ਼ ਅਖ਼ਬਾਰਾਂ ਤੇ ਟੀ. ਵੀ. ਤੇ ਅਨੇਕਾਂ ਕੇਸ ਰੋਜ਼ ਬਲਾਤਕਾਰ ਦੇ ਦੇਖਣ ਤੇ ਸੁਣਨ ਨੂੰ ਮਿਲਦੇ ਹਨ। ਸੰਨ 1992 ਦੀ ਇਕ ਸਰਕਾਰੀ ਰਿਪੋਰਟ ਅਨੁਸਾਰ ਹਰ 54 ਮਿੰਟ ਬਾਅਦ ਇਕ ਬਲਾਤਕਾਰ ਹੁੰਦਾ ਸੀ ਜਿਸ ਦਾ ਭਾਵ ਹੈ ਹਰ ਸਾਲ 11000 ਤੋਂ ਵੱਧ ਪ੍ਰਤੀ ਸਾਲ, ਸਾਲ 2005 ਵਿਚ ਇਹ ਅੰਕੜਾ ਉਛਾਲ ਮਾਰ ਕੇ 20,000 ਪ੍ਰਤੀ ਸਾਲ ਤੇ ਹੁਣ 2012-13 ਦੀ ਨਵੀਂ ਰਿਪੋਰਟ ਅਨੁਸਾਰ ਇਹ ਅੰਕੜਾ 35000 ਪ੍ਰਤੀ ਸਾਲ ਤੋਂ ਵੱਧ ਗਿਆ ਹੈ। ਔਰਤ ਇੱਥੋਂ ਤੱਕ ਅਸੁਰੱਖਿਅਤ ਹੋ ਗਈ ਹੈ ਕਿ ਬਲਾਤਕਾਰ ਦੀਆਂ ਘਟਨਾਵਾਂ ਸਕੇ ਬਾਪ ਆਪਣੀਆਂ ਧੀਆਂ ਨਾਲ ਕਰਨ ਲੱਗ ਪਏ ਹਨ। ਇਸ ਦਾ ਮਤਲਬ ਇਹ ਹੈ ਕਿ ਔਰਤ ਜੋ ਆਪਣੇ ਘਰ ਨੂੰ ਸੁਰੱਖਿਅਤ ਸਮਝਦੀ ਸੀ, ਉਹ ਅੱਜ ਆਪਣੇ ਘਰ ਵਿਚ ਵੀ ਅਸੁਰੱਖਿਅਤ ਹੈ। ਉਸ ਦੇ ਚਾਰ ਚੁਫੇਰੇ ਖਤਰਾ ਮੰਡਰਾਅ ਰਿਹਾ ਹੈ। ਬਹੁਤੇ ਮਾਮਲਿਆਂ ਵਿਚ ਔਰਤ ਆਪਣੀ ਇੱਜ਼ਤ ਤੇ ਬਦਨਾਮੀ ਤੋਂ ਡਰਦੀ ਅਜਿਹੇ ਮਾਮਲਿਆਂ ਵਿਚ ਚੁੱਪ ਰਹਿਣਾ ਹੀ ਬਿਹਤਰ ਸਮਝਦੀ ਹੈ। ਇਹ ਵਹਿਸ਼ੀਪੁਣਾ ਇੱਥੋਂ ਤੱਕ ਵੱਧ ਗਿਆ ਹੈ ਕਿ 3-4 ਸਾਲ ਦੀਆਂ ਬਾਲੜੀਆਂ ਤੋਂ ਲੈ ਕੇ 50-60 ਸਾਲ ਦੀਆਂ ਬਜ਼ੁਰਗ ਔਰਤਾਂ ਤੱਕ ਇਸ ਦਾ ਸ਼ਿਕਾਰ ਹੋ ਰਹੀਆਂ ਹਨ।

ਅਸ਼ਲੀਲਤਾ- ਪੈਸਾ ਕਮਾਉਣ ਦੇ ਲਾਲਚ ਨੇ ਵੀ ਆਪਣੇ ਵਿਉਪਾਰ ਦੇ ਪ੍ਰਚਾਰ ਲਈ ਔਰਤ ਦੇ ਸਰੀਰ ਦਾ ਸ਼ੋਸ਼ਣ ਕੀਤਾ ਹੈ। ਔਰਤ ਨੂੰ ਸੁੰਦਰਤਾ ਤੇ ਸੁਹਜਮਈ ਅਦਾਵਾਂ ਦਾ ਬਾਜ਼ਾਰ ਬਣਾਇਆ ਜਾਂਦਾ ਹੈ। ਕਈ ਲੋਕ ਇਸ ਨੂੰ ਯਥਾਰਥ ਅਤੇ ਬਾਜ਼ਾਰ ਦਾ ਨਾਂ ਦੇ ਕੇ ਅੱਖੋਂ ਪਰੋਖੇ ਕਰ ਦਿੰਦੇ ਹਨ। ਸਾਰੇ ਮੀਡੀਆ ’ਚ ਇਹੀ ਹਾਲ ਹੈ। ਇਹ ਵਿਚਾਰ ਤਾਂ ਸਿਰਫ਼ ਕੁਝ ਗਿਣਤੀ ਦੇ ਲੋਕਾਂ ਦਾ ਹੈ ਪਰ ਆਮ ਲੋਕ ਇਨ੍ਹਾਂ ਪ੍ਰਵਿਰਤੀਆਂ ਨੂੰ ਸਮਾਜ ਲਈ ਨੁਕਸਾਨਦਾਇਕ ਸਮਝਦੇ ਹਨ ਅਤੇ ਕੁਝ ਅਜਿਹੇ ਵੀ ਹਨ ਜੋ ਇਸ ਦਾ ਮੀਡੀਆ ਰਾਹੀਂ ਡਟਵਾਂ ਵਿਰੋਧ ਵੀ ਕਰਦੇ ਹਨ।

ਭਾਵੇਂ ਭਾਰਤੀ ਕਾਨੂੰਨ ਇਸ ਦੀ ਇਜਾਜ਼ਤ ਨਹੀਂ ਦਿੰਦਾ ਫਿਰ ਵੀ ਵੇਸਵਾਵਾਂ ਦੇ ਚਕਲੇ, ਕੋਠੇ ਅਤੇ ਅੱਡੇ ਚੱਲ ਰਹੇ ਹਨ। ਕੇਵਲ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਉਣਾ ਹੀ ਔਰਤ ਸਸ਼ਕਤੀਕਰਨ ਦਾ ਜਾਮਨ ਨਹੀਂ ਬਲਕਿ ਸ਼ਕਤੀਵਾਨ ਹੋਣ ਲਈ ਔਰਤ ਨੂੰ ਹਾਲੇ ਵੀ ਸੰਘਰਸ਼ ਕਰਨ ਦੀ ਲੋੜ ਹੈ। ਜਾਗਰੂਕਤਾ ਮੁਹਿੰਮ ਰਾਹੀਂ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਵਿਚ ਰੁਕਾਵਟ ਹੈ। ਔਰਤ ਦਾ ਕਿਸੇ ਵੀ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਅਰਥਹੀਣ ਹੈ ਜਦੋਂ ਤੱਕ ਇਹ ਆਮ ਔਰਤਾਂ ਤੱਕ ਨਹੀਂ ਪਹੁੰਚਦਾ ਤੇ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਨਹੀਂ ਦਿੰਦਾ।

ਇਸ ਉਕਤ ਚਰਚਾ ਤੋਂ ਇਲਾਵਾ ਮਾਤਾ-ਪਿਤਾ, ਕੁੜੀਆਂ ’ਤੇ ਜਲਦੀ ਵਿਆਹ ਕਰਾਉਣ ਦਾ ਦਬਾਅ ਵੀ ਨਾ ਬਣਾਉਣ ਕਿਉਂਕਿ ਅੱਜਕਲ੍ਹ ਦੀਆਂ ਕੁੜੀਆਂ ਪੜ੍ਹ-ਲਿਖ ਕੇ ਜਲਦੀ ਵਿਆਹ ਕਰਵਾਉਣਾ ਨਹੀਂ ਚਾਹੁੰਦੀਆਂ। ਉਹ ਪਹਿਲਾਂ ਆਪਣੀ ਉਪਜੀਵਕਾ ’ਚ ਸਥਾਪਤ ਹੋਣਾ ਚਾਹੁੰਦੀਆਂ ਹਨ ਤੇ ਉਸ ਤੋਂ ਬਾਅਦ ਵਿਆਹ ਬਾਰੇ ਸੋਚਣ ਦਾ ਰੁਝਾਨ ਰੱਖਣ ਲੱਗ ਪਈਆਂ ਹਨ। ਪੜ੍ਹੀਆਂ-ਲਿਖੀਆਂ ਕੁੜੀਆਂ ਅੱਜ ਦੀ ਔਰਤ ਦੀ ਹੋ ਰਹੀ ਦੁਰਗਤੀ ਤੇ ਸ਼ੋਸ਼ਣ ਤੋਂ ਪੂਰੀ ਤਰ੍ਹਾਂ ਜਾਗਰੂਕ ਹਨ, ਇਸ ਲਈ ਉਹ ਮਰਦ ਨਾਲ ਵਿਆਹ ਕਰਾ ਕੇ ਉਸ ਦੀ ਕਰੂਰਤਾ ਤੇ ਗੁਲਾਮੀ ’ਚ ਫਸਣਾ ਨਹੀਂ ਚਾਹੁੰਦੀਆਂ ਹਨ ਸਗੋਂ ਇਕੱਲਿਆਂ ਰਹਿ ਕੇ ‘ਲਿਵ-ਇਨ ਰਿਲੇਸ਼ਨਸ਼ਿਪ’ ਕਿਸੇ ਮੁੰਡੇ ਨਾਲ ਬਿਨਾਂ ਵਿਆਹ ਕਰਵਾ ਕੇ ਰਹਿਣਾ ਪਸੰਦ ਕਰਨ ਲੱਗ ਪਈਆਂ ਹਨ। ਇਸ ਰੁਝਾਨ ਨੇ ਸਾਡੇ ਭਾਰਤੀ ਸਮਾਜ ’ਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਇਸ ਤਰ੍ਹਾਂ ਦੇ ਯੂਰਪੀ ਰੁਝਾਨ ਦਾ ਅਸਰ ਸਾਡੇ ਬੱਚਿਆਂ ਨੇ ਵੀ ਗ੍ਰਹਿਣ ਕਰਨਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਇਸ ਤਰ੍ਹਾਂ ਜੀਵਨ ਗੁਜ਼ਾਰਨ ਨਾਲ ਬੱਚੇ ਸਮਝਦੇ ਹਨ ਕਿ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤੀ ਮਿਲੀ ਰਹਿੰਦੀ ਹੈ।

ਇਸ ਲਈ ਲੜਕੀਆਂ ’ਤੇ ਦਬਾਅ ਪਾਉਣ ਦੀ ਨੀਤੀ ਨੂੰ ਮਾਤਾ ਪਿਤਾ ਨੇ ਤਿਆਗਣਾ ਹੀ ਹੋਵੇਗਾ, ਸਗੋਂ ਔਰਤ ਨੂੰ ਸੁਤੰਤਰ ਰੂਪ ’ਚ ਆਪਣਾ ਸੰਘਰਸ਼ ਕਰਨ ਦੇਣਾ ਚਾਹੀਦਾ ਹੈ ਤਾਂ ਕਿ ਉਹ ਜੀਵਨ ’ਚ ਸਫਲਤਾ ਪ੍ਰਾਪਤ ਕਰ ਸਕੇ ਤੇ ਆਪਣੀ ਹੋਂਦ ਨੂੰ ਸੁਤੰਤਰ ਰੱਖ ਸਕੇ। ਮਰਦ ਤੇ ਔਰਤ ਦੋਵੇਂ ਆਪਣੀ ਮਾਨਸਿਕਤਾ ਬਦਲ ਕੇ ਇਕ-ਦੂਜੇ ਦਾ ਸਾਥ ਦੇਣ ਤਾਂ ਹੀ ਵਿਆਹੁਤਾ ਜੀਵਨ ਸੁੱਖਮਈ ਰਹਿ ਸਕਦਾ ਹੈ ਤੇ ਔਰਤ ਮਰਦ ਦੇ ਦਬਾਅ ’ਚ ਆ ਕੇ ਭਰੂਣ ਹੱਤਿਆ ਲਈ ਉਸਨੂੰ ਹਾਮੀ ਹੀ ਨਾ ਭਰੇ ਤਾਂ ਹੀ ਭਰੂਣ ਹੱਤਿਆਵਾਂ ਨੂੰ ਠੱਲ੍ਹ ਪੈ ਸਕਦੀ ਹੈ।

ਨਿਮਨ-ਲਿਖਤ ਕੁਝ ਨਜ਼ਰੀਏ ਤੇ ਯਥਾਰਥਕ ਤੱਤ ਮਨੁੱਖ ਦੀ ਆਪਣੇ ਮਨ ’ਚ ਔਰਤ ਪ੍ਰਤੀ ਬਣਾਈ ਹੋਈ ਸੌੜੀ ਮਾਨਸਿਕਤਾ ਨੂੰ ਬਦਲ ਸਕਦੇ ਹਨ। ਜੇਕਰ ਮਨੁੱਖ ਇਹਨਾਂ ’ਤੇ ਗਹਿਨਤਾ ਨਾਲ ਵਿਚਾਰ ਕਰੇ। ਇਸ ਨਾਲ ਸਾਡੇ ਸਮਾਜ ’ਚ ਔਰਤ ਦੀ ਹੋਂਦ ਮਰਦ ਦੇ ਬਰਾਬਰ ਹੋ ਸਕਦੀ ਹੈ ਤੇ ਔਰਤ ਪ੍ਰਤੀ ਸਦੀਆਂ ਤੋਂ ਮਨੁੱਖ ਦੇ ਅੰਦਰ ਬਣੀ ਪ੍ਰਵਿਰਤੀ ਬਦਲ ਸਕਦੀ ਹੈ ਤੇ ਔਰਤ ਖੁਸ਼ਹਾਲ ਬਣ ਸਕਦੀ ਹੈ। ਨਿਮਨ-ਲਿਖਤ ਸੱਤਰਾਂ ਔਰਤ ਤੇ ਮਰਦ ਦੀ ਸਮਾਨਤਾ ਹੀ ਪ੍ਰਗਟ ਨਹੀਂ ਕਰਦੀਆਂ ਸਗੋਂ ਔਰਤ ਦੇ ਸਨਮਾਨ ਨੂੰ ਪੁਰਸ਼ ਨਾਲੋਂ ਉਪਰ ਦਰਸਾਉਂਦੀਆਂ ਹਨ:-

ਬੇਟਾ ਵਾਰਿਸ ਹੈ- ਬੇਟੀ ਪਾਰਸ ਹੈ।
ਬੇਟਾ ਵੰਸ਼ ਹੈ- ਬੇਟੀ ਅੰਸ਼ ਹੈ।
ਬੇਟਾ ਆਨ ਹੈ- ਬੇਟੀ ਸ਼ਾਨ ਹੈ।
ਬੇਟਾ ਤਨ ਹੈ- ਬੇਟੀ ਮਨ ਹੈ।
ਬੇਟਾ ਮਾਣ ਹੈ- ਬੇਟੀ ਗੁਮਾਨ ਹੈ।
ਬੇਟਾ ਸੰਸਕਾਰ ਹੈ- ਬੇਟੀ ਸੰਸਕ੍ਰਿਤੀ ਹੈ।
ਬੇਟਾ ਰਾਗ ਹੈ- ਬੇਟੀ ਬਾਗ ਹੈ।
ਬੇਟਾ ਦਵਾ ਹੈ- ਬੇਟੀ ਦੁਆ ਹੈ।
ਬੇਟਾ ਭਾਗਯ ਹੈ- ਬੇਟੀ ਵਿਧਾਤ ਹੈ।
ਬੇਟਾ ਸ਼ਬਦ ਹੈ- ਬੇਟੀ ਅਰਥ ਹੈ।
ਬੇਟਾ ਗੀਤ ਹੈ- ਬੇਟੀ ਸੰਗੀਤ ਹੈ।
ਬੇਟਾ ਪ੍ਰੇਮ ਹੈ- ਬੇਟੀ ਪੂਜਾ ਹੈ।

# ਸਰਕਾਰਾਂ ਦੀ ਉਦਾਸੀਨਤਾ ਦਾ ਸ਼ਿਕਾਰ ਦੇਸ਼ ਦੇ ਕਿਸਾਨ

**ਨੇਤਾ ਲੋਕ ਤਾਂ ਕਿਸਾਨਾਂ ਲਈ ਵੱਡੀਆਂ ਘੋਸ਼ਣਾਵਾਂ ਕਰਦੇ ਹਨ ਕਿ ਉਹ ਉਨ੍ਹਾਂ ਦਾ ਕਰਜ਼ਾ ਮੁਆਫ਼ ਕਰ ਦੇਣਗੇ। ਮੁਫ਼ਤ ਬਿਜਲੀ ਪਾਣੀ ਦੇਣਗੇ, ਸਬਸਿਡੀਆਂ ਦੇਣਗੇ। ਅਸਲ ਵਿਚ ਤਾਂ ਸਵਾਲ ਦੇਸ਼ ਦੇ ਖੇਤੀ ਸਮਾਜ ਦੇ ਸ਼ਸ਼ਕਤੀਕਰਨ ਦਾ ਹੈ, ਸਰਕਾਰੀ ਭੀਖ ਜਾਂ ਦਿਆ ਦਾ ਨਹੀਂ ਹੈ। ਦੇਸ਼ ਦੀ ਵੱਧ ਰਹੀ ਅਰਥ ਵਿਵਸਥਾ ਵਿਚ ਖੇਤੀ ਦੀ ਭਾਗੀਦਾਰੀ ਘੱਟ ਹੁੰਦੀ ਜਾ ਰਹੀ ਹੈ, ਜੀ.ਡੀ.ਪੀ. ਵਿਚ ਵੀ ਖੇਤੀ ਦਾ ਸ਼ੇਅਰ 61 ਤੋਂ ਘੱਟ ਕੇ 19 ਪ੍ਰਤੀਸ਼ਤ ਤੱਕ ਪੁੱਜ ਗਿਆ ਹੈ। ਉਦਯੋਗੀਕਰਨ ਦੇ ਬਾਵਜੂਦ 58% ਆਬਾਦੀ ਖੇਤੀ ਉੱਤੇ ਨਿਰਭਰ ਹੈ। ਦੇਸ਼ ਦੀ 75% ਪੇਂਡੂ ਅਬਾਦੀ ਦੇ ਸਾਹਮਣੇ 'ਰੋਟੀ' ਦੀ ਸਮੱਸਿਆ ਹੈ। ਕਿਸਾਨ ਨੂੰ ਉਸ ਦੀ ਖੇਤੀ ਪੈਦਾਵਾਰ ਦਾ ਸਹੀ ਮੁੱਲ ਨਹੀਂ ਮਿਲਦਾ। ਉਸਦੀ ਸੁਣਵਾਈ ਕਿਧਰੇ ਨਹੀਂ। ਆਲੂ 2 ਰੁਪਏ ਕਿਲੋ ਤੱਕ ਵਿਕਦਾ ਹੈ। ਸਹਿਕਾਰੀ ਖੇਤੀ ਦਾ ਸੰਕਲਪ ਦੇਸ਼ 'ਚ ਫੇਲ੍ਹ ਹੋ ਚੁੱਕਾ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਕਿਸਾਨਾਂ ਦੀ ਮੌਜੂਦਾ ਹਾਲਤ ਨੂੰ ਬਦਲਣ ਵਿਚ ਸਰਕਾਰਾਂ ਦੀ ਭੂਮਿਕਾ ਬਹੁਤ ਹੀ ਸੀਮਤ ਹੈ। ਸਰਕਾਰਾਂ ਤਾਂ ਵੋਟਾਂ ਦੀਆਂ ਗੁਲਾਮ ਹਨ। ਉਹ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਤੋਂ ਅੱਗੇ ਸੋਚ ਹੀ ਨਹੀਂ ਸਕਦੀਆਂ। ਕੇਂਦਰ ਦੀ ਮੌਜੂਦਾ ਮੋਦੀ ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਵਰ੍ਹਾ ਪਹਿਲਾਂ ਪੰਜ ਸਾਲਾਂ ਵਿਚ ਦੁਗਣੀ ਕਰਨ ਦੀ ਗੱਲ ਤਾਂ ਜ਼ੋਰ-ਸ਼ੋਰ ਨਾਲ ਕੀਤੀ ਗਈ, ਪ੍ਰਚਾਰੀ ਵੀ ਬਹੁਤ ਗਈ ਪਰ ਇਸ ਵਰ੍ਹੇ ਦੇ ਬਜਟ ਵਿਚ ਕਿਸਾਨਾਂ ਦੀ ਆਮਦਨ ਦੁਗਣਾ ਕਰਨ ਲਈ ਕੋਈ ਠੋਸ ਸਕੀਮ ਨਹੀਂ ਲਿਆਂਦੀ, ਸਿਰਫ਼ ਕੁਝ ਕਰੋੜ ਵਿਆਜ਼ ਰਹਿਤ ਕਰਜ਼ੇ ਦਾ ਐਲਾਨ ਜ਼ਰੂਰ ਕੀਤਾ, ਪਰ ਇਸ ਨਾਲ ਕਿੰਨੇ ਛੋਟੇ, ਸੀਮਾਂਤ ਕਿਸਾਨ ਫਾਇਦਾ ਲੈ ਸਕਣਗੇ, ਇਸ ਬਾਰੇ ਚੁੱਪ ਸਾਧੀ ਰੱਖੀ? ਪਰ ਉੱਤਰ ਪ੍ਰਦੇਸ ਦੀਆਂ ਵਿਧਾਨ ਸਭਾ ਚੋਣਾਂ 'ਚ ਚੋਣ ਜ਼ੁਮਲੇ ਵਜੋਂ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੀ ਗੱਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹੁਰਾਂ ਵੱਲੋਂ ਮੁੜ ਦੁਹਰਾਈ ਗਈ ਪਰ ਸਵਾਲ ਉੱਠਦਾ ਹੈ ਕਿ ਕੇਂਦਰੀ ਬਜਟ ਜੋ ਲਗਭਗ ਮਹੀਨਾ ਡੇਢ ਮਹੀਨਾ ਪਹਿਲਾਂ ਹੀ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤਾ ਗਿਆ, ਉਸ ਵਿਚ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨੋਂ ਸਰਕਾਰ ਨੂੰ ਆਖ਼ਿਰ ਰੋਕਿਆ ਕਿਸ ਨੇ ਸੀ?

ਸਮੇਂ-ਸਮੇਂ ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ ਖਾਸ ਕਰਕੇ ਉੱਤਰੀ ਖੇਤਰ ਵਿਚ ਕਿਸਾਨ ਅੰਦੋਲਨ ਕਰਦੇ ਹਨ ਤੇ ਕਰਦੇ ਰਹੇ ਹਨ। ਇਨ੍ਹਾਂ ਅੰਦੋਲਨਾਂ ਦੀ ਹਾਲਤ ਕੀ ਹੈ ਅਤੇ ਕੀ ਰਹੀ ਹੈ? ਕਿਸਾਨਾਂ ਦੀਆਂ ਸਮੱਸਿਆਵਾਂ ਕੀ ਹਨ? ਉਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਸੰਭਾਵਨਾਵਾਂ ਕੀ ਹਨ? ਅਸਲ ਵਿਚ ਤਾਂ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਰਾਜਨੀਤੀ ਨੇ ਰਲਗਡ ਕਰ ਦਿੱਤਾ ਹੋਇਆ ਹੈ। ਅਜ਼ਾਦੀ ਉਪਰੰਤ ਸਭ ਤੋਂ ਵੱਡਾ ਧਰਨਾ 1988 ਵਿਚ ਮਹਿੰਦਰ ਸਿੰਘ ਟਕੈਤ ਨੇ ਦਿੱਤਾ ਸੀ। ਕਿਸਾਨਾਂ ਦੀਆਂ 35 ਮੰਗਾਂ ਨੂੰ ਲੈ ਕੇ ਪੰਜ ਲੱਖ ਕਿਸਾਨ ਦਿੱਲੀ ਬੋਟ ਕਲੱਬ 'ਚ ਧਰਨੇ ਤੇ ਬੈਠੇ ਹਨ। ਗੰਨੇ ਦੀ ਕੀਮਤ, ਬਿਜਲੀ, ਪਾਣੀ ਅਤੇ ਕਰਜ਼ਾ ਮੁਆਫ਼ੀ ਮੁੱਖ ਮੰਗਾਂ ਸਨ। ਇਸ ਧਰਨੇ ਨੇ ਸੀਮਤ ਜਿਹੀ ਪ੍ਰਾਪਤੀ ਕੀਤੀ। ਉਂਜ ਵੀ ਕਿਸਾਨਾਂ ਦੇ ਧਰਨੇ, ਹੜਤਾਲਾਂ ਨਾਲ ਸੀਮਤ ਛੋਟੀਆਂ ਜਿਹੀਆਂ ਸਫਲਤਾਵਾਂ ਮਿਲਦੀਆਂ ਹਨ, ਪਰ ਕਿਸਾਨ ਮੰਗਾਂ ਪ੍ਰਤੀ ਵੱਡੀ ਰਾਜਨੀਤੀ ਕੀਤੀ ਜਾਂਦੀ ਰਹੀ। ਬਹੁਤੇ ਕਿਸਾਨ ਨੇਤਾ, ਵੱਡੇ ਰਾਜਨੀਤਕ ਆਗੂਆਂ ਜਾਂ ਖ਼ੁਦਗਰਜ਼ ਰਾਜਨੀਤਕ ਪਾਰਟੀਆਂ ਦਾ ਦੁਮਛੱਲਾ ਬਣ ਕੇ ਨਿੱਜੀ ਸਹੂਲਤਾਂ ਲੈ ਕੇ ਕਿਸਾਨਾਂ ਦੀਆਂ ਮੰਗਾਂ ਭੁਲਦੇ ਰਹੇ ਤੇ ਰਾਜਸੀ ਕੁਰਸੀਆਂ ਦਾ ਸੁੱਖ ਮਾਣਦੇ ਰਹੇ। ਪੰਜਾਬ ਵਿਚਲੀਆਂ ਬਹੁਤ ਸਾਰੀਆਂ ਕਿਸਾਨ ਜਥੇਬੰਦੀਆਂ ਦੇ ਆਗੂ ਵੀ ਕਿਸਾਨ ਮੰਗਾਂ ਨੂੰ ਅੱਖੋਂ-ਪਰੋਖੇ ਕਰਦਿਆਂ ਇਸੇ ਰਸਤੇ ਤੁਰੇ ਹੋਏ ਹਨ। ਕਿਸਾਨ ਨੇਤਾਵਾਂ ਵੱਲੋਂ ਕਿਸਾਨਾਂ ਦੇ ਸੰਗਠਨਾਂ ਦੀ ਸ਼ਕਤੀ ਦੀ ਵਰਤੋਂ ਕਰਦਿਆਂ ਸਰਕਾਰ ਦੇ ਸਾਹਮਣੇ 'ਬੇਨਤੀ ਕਰਤਾ' ਵਾਂਗਰ ਮੰਗਾਂ ਲੈ ਕੇ ਪੇਸ਼ ਹੋਣਾ ਹੀ ਬਹੁਤੇ ਕਿਸਾਨ ਅੰਦੋਲਨਾਂ ਦਾ ਕਿਰਦਾਰ ਰਿਹਾ ਹੈ। ਸਿਰਫ਼ ਖੱਬੇ ਪੱਖੀ ਕਿਸਾਨ ਅੰਦੋਲਨਾਂ ਜਾਂ ਕਿਸਾਨ ਸੰਗਠਨਾਂ ਨੇ ਹੀ ਕਿਸਾਨਾਂ ਨੂੰ ਸਿਰਫ਼ ਮੰਗਾਂ ਲਈ ਲੜਾਈ ਲੜਨ ਤੋਂ ਉਪਰ ਉੱਠ ਕੇ ਉਨ੍ਹਾਂ 'ਚ ਪ੍ਰਗਤੀਸ਼ੀਲ ਸੋਚ ਭਰਨ ਦਾ ਯਤਨ ਕੀਤਾ, ਜਿਸ ਨਾਲ ਕਿਸਾਨ ਆਪਣੇ ਹੱਕਾਂ ਲਈ ਤਾਂ ਲੜਨ ਹੀ, ਸਗੋਂ ਆਪਣੀ ਜ਼ਮੀਨ ਦੀ ਉਪਜ, ਉਸਦੀ ਸਹੀ ਵਰਤੋਂ, ਉਸ 'ਚ ਉੱਗੀ ਫਸਲ ਦੀ ਚੰਗੇ ਮੰਡੀਕਰਣ ਵੱਲ ਵੀ ਧਿਆਨ ਦੇਵੇ।

ਨੇਤਾ ਲੋਕ ਤਾਂ ਕਿਸਾਨਾਂ ਲਈ ਵੱਡੀਆਂ ਘੋਸ਼ਣਾਵਾਂ ਕਰਦੇ ਹਨ ਕਿ ਉਹ ਉਨ੍ਹਾਂ ਦਾ ਕਰਜ਼ਾ ਮੁਆਫ਼ ਕਰ ਦੇਣਗੇ। ਮੁਫ਼ਤ ਬਿਜਲੀ ਪਾਣੀ ਦੇਣਗੇ, ਸਬਸਿਡੀਆਂ ਦੇਣਗੇ। ਅਸਲ ਵਿਚ ਤਾਂ ਸਵਾਲ ਦੇਸ਼ ਦੇ ਖੇਤੀ ਸਮਾਜ ਦੇ ਸ਼ਸ਼ਕਤੀਕਰਨ ਦਾ ਹੈ, ਸਰਕਾਰੀ ਭੀਖ ਜਾਂ ਦਿਆ ਦਾ ਨਹੀਂ ਹੈ। ਦੇਸ਼ ਦੀ ਵੱਧ ਰਹੀ ਅਰਥ ਵਿਵਸਥਾ ਵਿਚ ਖੇਤੀ ਦੀ ਭਾਗੀਦਾਰੀ ਘੱਟ ਹੁੰਦੀ ਜਾ ਰਹੀ ਹੈ, ਜੀ.ਡੀ.ਪੀ. ਵਿਚ ਵੀ ਖੇਤੀ ਦਾ ਸ਼ੇਅਰ 61 ਤੋਂ ਘੱਟ ਕੇ 19 ਪ੍ਰਤੀਸ਼ਤ ਤੱਕ ਪੁੱਜ ਗਿਆ ਹੈ। ਉਦਯੋਗੀਕਰਨ ਦੇ ਬਾਵਜੂਦ 58% ਆਬਾਦੀ ਖੇਤੀ ਉੱਤੇ ਨਿਰਭਰ ਹੈ। ਦੇਸ਼ ਦੀ 75% ਪੇਂਡੂ ਅਬਾਦੀ ਦੇ ਸਾਹਮਣੇ 'ਰੋਟੀ' ਦੀ ਸਮੱਸਿਆ ਹੈ। ਕਿਸਾਨ ਨੂੰ ਉਸ ਦੀ ਖੇਤੀ ਪੈਦਾਵਾਰ ਦਾ ਸਹੀ ਮੁੱਲ ਨਹੀਂ ਮਿਲਦਾ। ਉਸਦੀ ਸੁਣਵਾਈ ਕਿਧਰੇ ਨਹੀਂ। ਆਲੂ ਦ ਰੁਪਏ ਕਿਲੋ ਤੱਕ ਵਿਕਦਾ ਹੈ। ਸਹਿਕਾਰੀ ਖੇਤੀ ਦਾ ਸੰਕਲਪ ਦੇਸ਼ 'ਚ ਫੇਲ੍ਹ ਹੋ ਚੁੱਕਾ ਹੈ। ਉਸ ਦੀਆਂ ਸਮੱਸਿਆਵਾਂ ਸਹੀ ਪਲੇਟਫਾਰਮ ਤੱਕ ਪੁਜਦੀਆਂ ਕਰਨ ਲਈ ਨੇਤਾਵਾਂ ਦੀ ਕਮੀ ਹੈ। ਜੇਕਰ ਕੋਈ ਨੇਤਾ ਨਿਕਲਦਾ ਵੀ ਹੈ, ਉਹ ਰਾਜਨੀਤੀ ਦੇ ਦਲਦਲ 'ਚ ਫਸ ਜਾਂਦਾ ਹੈ ਜਾਂ ਰਾਜਨੀਤਕ ਲੋਕਾਂ ਹੱਥ ਵਿਕ ਜਾਂਦਾ ਹੈ। ਉਂਜ ਵੀ ਪੇਂਡੂ ਭਾਰਤ ਆਪਣਾ ਮਹੱਤਵ ਗੁਆ ਰਿਹਾ ਹੈ। ਨਗਰ ਜਾਂ ਮਹਾਂਨਗਰ ਸ਼ਕਤੀਸ਼ਾਲੀ ਹੋ ਰਹੇ ਹਨ। ਪੇਂਡੂ ਸਮਾਜ ਵਿਚ ਇਕ ਇਹੋ ਜਿਹਾ ਵਰਗ ਵੀ ਵਿਕਸਤ ਹੋ ਰਿਹਾ ਹੈ ਜੋ ਆਪਣੇ ਖੇਤ ਵੇਚ ਕੇ ਮਾਮੂਲੀ ਕਿਸਮ ਦੀਆਂ ਨੌਕਰੀਆਂ ਪਿੱਛੇ ਭੱਜ ਰਿਹਾ ਹੈ। ਮੂਲ ਸਮੱਸਿਆ ਖੇਤੀ ਦੇ ਪ੍ਰਤੀ ਵਿਵਹਾਰਕ ਸੋਚ ਦੀ ਕਮੀ ਦੀ ਹੈ। ਕਿਉਂਕਿ ਖੇਤੀ ਉਪਜ ਦਾ ਮੁੱਲ ਨਿਰਧਾਰਤ ਨਹੀਂ ਸਿਰਫ਼ ਕਣਕ, ਗੰਨੇ, ਚਾਵਲ ਦੀਆਂ ਸਾਰੀਆਂ ਕੀਮਤਾਂ ਨੀਅਤ ਹਨ। ਹੋਰ ਦਾਲਾਂ, ਆਲੂ, ਪਿਆਜ਼, ਟਮਾਟਰ ਫਸਲ ਦਾ ਮੁੱਲ ਸਿਰਫ਼ ਮੰਗ ਉੱਤੇ ਨਿਰਭਰ ਹੈ। ਕਿਉਂਕਿ ਬਹੁਤੇ ਕਿਸਾਨ ਰਿਵਾਇਤੀ ਫਸਲਾਂ ਪਿੱਛੇ ਭੱਜਦੇ ਹਨ, ਜਿਨ੍ਹਾਂ ਦਾ ਨਿਰਧਾਰਤ ਮੁੱਲ ਵੀ 'ਘਾਟੇ ਦਾ ਸੌਦਾ' ਸਾਬਤ ਹੋ ਰਿਹਾ ਹੈ, ਕਿਉਂਕਿ ਖੇਤੀ ਉੱਤੇ ਲਾਗਤ ਵਧ ਰਹੀ ਹੈ, ਪਰ ਉਸਦੀ ਭਰਪਾਈ ਨਹੀਂ ਹੋ ਰਹੀ।

ਕਿਸਾਨ ਕੋਲ ਜ਼ਮੀਨ ਹੈ, ਭਾਵੇਂ ਥੋੜ੍ਹੀ ਜ਼ਮੀਨ ਹੈ। ਜ਼ਮੀਨ ਤੇ ਖੇਤੀ ਕਰਨ ਲਈ ਬਹੁਤਿਆਂ ਕੋਲ ਸਾਜੋ-ਸਮਾਨ/ਸੰਦ ਹਨ। ਪਸ਼ੂ ਹਨ। ਮਸ਼ੀਨਰੀ ਹੈ। ਪਰ ਜਦੋਂ ਤੱਕ ਉਸ ਕੋਲ ਖੇਤੀ ਉਪਜ ਪ੍ਰਤੀ ਸਹੀ ਸੋਚ ਨਹੀਂ, ਪੈਦਾ ਕੀਤੀ ਫਸਲ ਨੂੰ ਸਹੀ ਮੁੱਲ ਉੱਤੇ ਵੇਚਣ ਦਾ ਜ਼ਰੀਆ ਨਹੀਂ, ਸਟੋਰੇਜ਼ ਦੇ ਸਾਧਨ ਨਹੀਂ, ਮਾਰਕੀਟਿੰਗ ਨਹੀਂ, ਮੰਡੀ ਤੱਕ ਪੁੱਜਣ ਦੇ ਸੰਪਰਕ ਮਾਰਗ ਨਹੀਂ, ਖੇਤੀ ਸਿੱਖਿਆ ਪ੍ਰਾਪਤੀ ਲਈ ਸਬੰਧਤ ਟਰੇਨਿੰਗ ਨਹੀਂ, ਭੂਮੀ ਸਬੰਧੀ ਸਮੱਸਿਆਵਾਂ ਹੱਲ ਕਰਨ ਦੇ ਉਸ ਕੋਲ ਗਿਆਨ ਨਹੀਂ, ਉਦੋਂ ਤੱਕ ਕਿਸਾਨ ਖੇਤੀ ਨੂੰ ਲਾਹੇਵੰਦੀ ਬਨਾਉਣ ਜੋਗਾ ਨਹੀਂ ਹੋ ਸਕਦਾ।

ਭਾਵੇਂ ਦੇਸ਼ ਵਿਚ ਇਕ ਨਵਾਂ ਮਾਡਲ, ਦੇਸ਼ ਦੇ ਕੁਝ ਹਿੱਸਿਆਂ ਵਿਚ ਵਿਕਸਤ ਹੋ ਰਿਹਾ ਹੈ। ਕਿਸਾਨ ਆਪਣੀ ਬਸਤੀ ਛੱਡ ਕੇ ਖੇਤਾਂ 'ਚ ਨਿਵਾਸ ਕਰਨ ਲੱਗੇ ਹਨ। ਜਿਥੇ ਉਹ ਖੇਤੀ ਤਾਂ ਕਰਦੇ ਹੀ ਹਨ, ਮੁਰਗੀ ਪਾਲਣ, ਪਸ਼ੂ ਪਾਲਣ ਆਦਿ ਵਰਗੇ ਕਿੱਤੇ ਨਾਲ ਵੀ ਜੁੜ ਰਹੇ ਹਨ। ਖੇਤੀ ਨਾਲ ਜੁੜੇ ਸਹਿਯੋਗੀ ਕਿੱਤਿਆਂ ਲਈ ਸਰਕਾਰੀ ਯੋਜਨਾਵਾਂ ਦਾ ਇਹ ਲੋਕ ਲਾਹਾ ਵੀ ਲੈਣ ਲੱਗੇ ਹਨ। ਪਰ "ਬਸਤੀ ਛੱਡ-ਖੇਤ 'ਚ ਜਾਓ" ਦਾ ਇਹ ਨਾਹਰਾ ਉਦੋਂ ਤੱਕ ਕਿਵੇਂ ਸਫਲ ਹੋ ਸਕਦਾ ਹੈ ਜਦੋਂ ਤੱਕ ਖੇਤੀ ਰੁਜ਼ਗਾਰ, ਖੇਤੀ ਸਿੱਕਿਆ, ਸਹਿਕਾਰਤਾ ਦੇ ਨਾਲ-ਨਾਲ ਸਰਕਾਰੀ ਤੌਰ ਉੱਤੇ ਫਸਲਾਂ ਦੇ ਸਹੀ ਮੁੱਲ ਦਾ ਨਿਰਧਾਰਨ, ਸਮੇਂ-ਸਮੇਂ ਜਾਰੀ ਕੀਤੀਆਂ ਰਿਪੋਰਟਾਂ ਦੇ ਅਧਾਰ ਉੱਤੇ ਲਾਗੂ ਨਹੀਂ ਹੋ ਜਾਂਦਾ।

ਦੇਸ਼ ਦੇ ਕਿਸਾਨ ਦਾ ਭਵਿੱਖ ਧੁੰਦਲਾ ਨਜ਼ਰ ਆਉਂਦਾ ਹੈ। ਵੱਡੀ ਗਿਣਤੀ ਛੋਟੇ ਕਿਸਾਨ, ਜ਼ਮੀਨ ਵੇਚ-ਵੱਟ ਕੇ, ਸ਼ਹਿਰਾਂ 'ਚ ਮਾੜੀ ਮੋਟੀ ਨੌਕਰੀ ਕਰਨ ਦੇ ਰਾਹ ਇਸ ਕਰਕੇ ਤੁਰੇ ਹੋਏ ਹਨ ਕਿ ਉਨ੍ਹਾਂ ਦੀ ਆਪਣੀ ਮਾਂ-ਮਿੱਟੀ 'ਜ਼ਮੀਨ' ਉਨ੍ਹਾਂ ਦਾ ਢਿੱਡ ਭਰਨ ਜੋਗੀ ਕਮਾਈ ਨਹੀਂ ਦੇ ਰਹੀ। ਸਰਕਾਰਾਂ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਪ੍ਰਤੀ ਅਵੇਸਲੀਆਂ ਹਨ। ਸਿਆਸੀ ਦਮਗਜੇ, ਚੋਣ-ਜੁਮਲੇ ਕਿਸਾਨ ਦੀ ਹੱਕ-ਰਸਾਈ ਨਹੀਂ ਕਰ ਸਕਦੇ। ਜ਼ਮੀਨੀ ਹਕੀਕਤ ਇਹ ਹੈ ਕਿ ਖੇਤੀ ਪ੍ਰਧਾਨ ਪੰਜਾਬ ਵਰਗੇ ਸੂਬੇ ਦਾ ਛੋਟਾ, ਦਰਮਿਆਨਾ, 98% ਕਿਸਾਨ ਖੇਤੀ ਕਾਰਨ ਬੈਂਕਾਂ, ਸ਼ਾਹੂਕਾਰਾਂ, ਆੜ੍ਹਤੀਆਂ ਦਾ 35000 ਕਰੋੜ ਦਾ ਕਰਜ਼ਾਈ ਹੋਇਆ, ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੈ। ਪੰਜਾਬ ਦੇ ਖੇਤਾਂ ਦੀ ਜ਼ਮੀਨ ਨਿੱਤ ਪ੍ਰਤੀ ਕਮਜ਼ੋਰ, ਨਾ-ਤਾਕਤੀ ਹੋ ਰਹੀ ਹੈ। ਖੇਤੀ ਅਧੀਨ ਫਸਲਾਂ ਲਈ ਪਾਣੀ ਦੀ ਤੋਟ ਸਦਾ ਬਣੀ ਰਹਿੰਦੀ ਹੈ। ਪੰਜਾਬ ਦੇ ਕਿਸਾਨਾਂ ਦੀ ਫਸਲ ਦਾ ਵੱਡਾ ਹਿੱਸਾ ਵਚੋਲੀਆ ਹੜੱਪ ਜਾਂਦਾ ਹੈ। ਨਾ ਕਿਸਾਨ ਦੀ ਫਸਲ ਦੇ ਮੰਡੀਕਰਨ ਲਈ ਸਮੇਂ ਸਿਰ ਲੋੜੀਂਦੀ ਟਰਾਂਸਪੋਰਟ ਉਪਲੱਬਧ ਹੈ ਅਤੇ ਨਾ ਹੀ ਫਸਲ ਸਟੋਰੇਜ਼ ਕਰਨ ਲਈ ਸਹੀ ਪ੍ਰਬੰਧ। ਗ਼ੈਰ-ਮੌਸਮੀ ਬਰਸਾਤ, ਸੋਕੇ, ਖਾਦਾਂ, ਕੀਟਨਾਸ਼ਕ ਦੁਆਈਆਂ ਨੇ ਪੰਜਾਬ ਦਾ ਵਾਤਾਵਰਨ ਇਸ ਕਦਰ ਦੂਸ਼ਤ ਕਰ ਦਿੱਤਾ ਹੈ ਕਿ ਇਥੋਂ ਦੇ ਲੋਕ ਗੰਭੀਰ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਪੰਜਾਬ ਦੀਆਂ ਪਿਛਲੀਆਂ ਲਗਭਗ ਪੰਜ ਫਸਲਾਂ ਸੋਕੇ, ਗ਼ੈਰ-ਮੌਸਮੀ, ਵੱਧ-ਘੱਟ ਬਰਸਾਤ ਤੇ ਨਕਲੀ ਕੀਟਨਾਸ਼ਕਾਂ ਦੀ ਭੇਂਟ ਚੜ੍ਹੀਆਂ ਹਨ।

ਸਾਲ 2015 ਵਿਚ ਕਪਾਹ ਦੀ ਦੋ ਤਿਹਾਈ ਫਸਲ ਪੰਜਾਬ 'ਚ ਇਸੇ ਕਾਰਨ ਤਬਾਹ ਹੋ ਗਈ ਤੇ ਕਿਸਾਨਾਂ ਦਾ 4200 ਕਰੋੜ ਦਾ ਨੁਕਸਾਨ ਹੋਇਆ। ਇਹੋ ਜਿਹੀਆਂ ਸਮੱਸਿਆਵਾਂ ਵਿਚੋਂ ਲੰਘਦਿਆਂ ਸੰਨ 2000 ਤੋਂ ਸੰਨ 2010 ਤੱਕ 5000 ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕਸ਼ੀਆਂ ਕਰ ਗਏ ਅਤੇ ਇਨ੍ਹਾਂ ਲੰਘਦੇ ਦਿਨਾਂ 'ਚ ਹਰ ਰੋਜ਼ ਦੋ ਤੋਂ ਤਿੰਨ ਕਿਸਾਨ ਖ਼ੁਦਕਸ਼ੀਆਂ ਕਰਨ ਲਈ ਮਜ਼ਬੂਰ ਹਨ।

ਕਿਸਾਨਾਂ ਦੇ ਇਸ ਦਰਦ, ਦੁੱਖ, ਸਮੱਸਿਆਵਾਂ, ਮਸਲਿਆਂ ਨੂੰ ਸਰਕਾਰਾਂ ਵੱਲੋਂ ਲਗਾਤਾਰ ਅਣਦੇਖਿਆ ਕਰਨਾ ਅਤੇ ਉਨ੍ਹਾਂ ਦੇ ਹੱਲ ਲਈ ਸਾਰਥਿਕ ਯਤਨ ਨਾ ਕਰਨੇ ਉਦਾਸੀਨ ਰਵੱਈਆ ਅਪਨਾਉਣਆ ਬਹੁਤ ਮੰਦਭਾਗਾ ਹੈ। ਸਰਕਾਰਾਂ ਵੱਲੋਂ ਕਿਸਾਨਾਂ ਦੀ ਸਹੀ ਆਰਥਿਕ, ਮਾਨਸਿਕ ਸਥਿਤੀ ਨਿਰਖ-ਪਰਖ ਕੇ ਕੁਝ ਇਹੋ ਜਿਹੀ ਪਹੁੰਚ ਅਪਨਾਉਣੀ ਜ਼ਰੂਰੀ ਹੈ, ਜਿਸ ਨਾਲ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਲਾ ਕਿਸਾਨ ਕੁਝ ਰਾਹਤ ਮਹਿਸੂਸ ਕਰ ਸਕੇ।

ਸਫਾ 6 ਦੀ ਬਾਕੀ/

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਰਮਿਆਂ ਹੋਇਆ ਰਾਮ ਸਭ ਨਾਲ ਪਿਆਰ ਕਰਦਾ ਹੈ ਪਰ ਰਾਜਾ ਰਾਮ ਸ਼ੂਦਰਾਂ ਦਾ ਤ੍ਰਿਸਕਾਰ ਕਰਦਾ ਸੀ ਜਿਸ ਨੇ ਸ਼ੰਬੂਕ ਨਾਮੀ ਸ਼ੂਦਰ ਨੂੰ ਬ੍ਰਾਹਮਣਾਂ ਦੇ ਕਹਿ ਖੂਹ ਵਿੱਚ ਸੁਟਵਾ ਕੇ ਮਾਰ ਦਿੱਤਾ ਸੀ ਕਿਉਂਕਿ ਉਹ ਸਰਬਨਿਵਾਸੀ ਰਾਮ ਦਾ ਨਾਮ ਜਪਦਾ ਸੀ ਬ੍ਰਾਹਮਣਇਜ਼ਮ ਅਨੁਸਾਰ ਸ਼ੂਦਰ ਨਾਮ ਨਹੀਂ ਜਪ ਸਕਦਾ। ਰਮੇ ਹੋਏ ਰਾਮ ਦਾ ਕੋਈ ਮਾਈ ਬਾਪ ਨਹੀਂ ਰਾਜਾ ਰਾਮ ਦੇ ਸਰੀਰਕ ਤੌਰ ਤੇ ਮਾਤਾ ਪਿਤਾ ਦਸਰਥ ਤੇ ਕੌਸ਼ਲਿਆ ਹਨ। ਸਰਬ ਨਿਵਾਸੀ ਰਾਮ ਸਾਰੀ ਦੁਨੀਆਂ ਦਾ ਰਾਜਾ ਹੈ ਪਰ ਰਾਜਾ ਰਾਮ ਤਾਂ ਅਯੁੱਧਿਆ ਸ਼ਹਿਰ ਦਾ ਰਾਜਾ ਹੀ ਮੰਨਿਆਂ ਜਾਂਦਾ ਹੈ ਜਿਸ ਨੇ ਧੋਬੀ ਦੇ ਕਹੇ ਤੇ ਸਤਵੰਤੀ ਸੀਤਾ ਜੀ ਨੂੰ ਘਰੋਂ ਕੱਢ ਕੇ ਅਗਨ ਪ੍ਰੀਖਿਆ ਵਿੱਚ ਪਾ ਦਿੱਤਾ ਸੀ। ਰਾਮ ਸਦਾ ਹੈ ਪਰ ਰਾਮ ਚੰਦ੍ਰ ਰਾਜਾ ਰਾਮ ਅੱਜ ਨਹੀਂ ਹੈ। ਸੋ ਗੁਰੂ ਗ੍ਰੰਥ ਸਾਹਿਬ ਵਿੱਚ ਅਯੁੱਧਿਆ ਦੇ ਰਾਜੇ ਰਾਮ ਦਾ ਨਾਂ ਕੇਵਲ ਅੱਠਕੁ ਵਾਰ ਆਇਆ ਹੈ ਜਦ ਕਿ ਰਮੇ ਹੋਏ ਰਾਮ ਭਗਵਾਨ ਪ੍ਰਭੂ ਦਾ ਨਾਂ ਬਹੁਤ ਵਾਰੀ ਆਇਆ ਜਿਸ ਦੇ ਅਰਥ ਦਸਰਥ ਦਾ ਬੇਟਾ ਰਾਜਾਰਾਮ ਕਰੀ ਜਾਣਾ ਭਾਰੀ ਭੁੱਲ ਤੇ ਮੂਰਖਤਾ ਦੀ ਹੱਦ ਹੈ। ਬਾਕੀ ਜੋ ਰਾਮ ਸੇਤੂ ਦਾ ਰੌਲਾ ਹੈ ਕਿ ਵਾਂਦਰ ਸੈਨਾ ਤੋਂ ਰਾਮ ਸੇਤੂ ਪੁਲ ਬਣਵਾਇਆ ਸੀ ਜਰਾ ਸੋਚੋ ਬਾਂਦਰ ਘਰ ਬਣਾਉਂਦੇ ਜਾਂ ਉਜਾੜਦੇ ਹਨ!

ਗੁਰੂ ਗ੍ਰੰਥ ਸਾਹਿਬ ਵਿਖੇ 'ਰਾਮ' ਸ਼ਬਦ ਕਿੰਨੀ ਵਾਰੀ ਆਇਆ ਹੈ? ਬਾਰੇ ਸ੍ਰ ਸਰਬਜੀਤ ਸਿੰਘ ਜੀ ਸੈਕਰਾਮੈਂਟੋ ਲਿਖਦੇ ਹਨ-ਨਵੰਬਰ ੨੦੦੪ ਵਿੱਚ ਪ-ਆਬੀ ਤੇ ਸੁਰਜੀਤ ਸਿੰਘ ਮਿਨਹਾਸ ਜੀ ਦਾ ਲੇਖ, 'ਭਾਰਤ ਦਾ ਆਦਿ ਕਵੀ ਮਹਾਂਰਿਸ਼ੀ ਭਗਵਾਨ ਵਾਲਮੀਕ' ਪੜ੍ਹਨ ਉਪ੍ਰੰਤ ਮੈ ਇੱਕ ਪੱਤਰ ਲਿਖਿਆ ਸੀ ਜਿਸ ਵਿੱਚ ਗੁਰਬਾਣੀ ਵਿਚੋਂ ਹਵਾਲੇ ਦੇ ਕੇ ਇਹ ਸਾਬਤ ਕੀਤਾ ਸੀ ਕੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਰਾਮ' ਸ਼ਬਦ ਅਕਾਲ ਪੁਰਖ ਵਾਸਤੇ ਅਤੇ ਅਯੁਧਿਆ ਦੇ ਰਾਜੇ 'ਰਾਮ' ਲਈ ਵੱਖ-ਵੱਖ ਵਰਤਿਆ ਗਿਆ ਹੈ ਕਿਉਂਕਿ ਸੁਰਜੀਤ ਸਿੰਘ ਮਿਨਹਾਸ ਨੇ ਆਪਣੇ ਉਪ੍ਰੋਕਤ ਲੇਖ ਵਿੱਚ ਇਸ ਨੂੰ ਰਲ-ਗਡ ਕਰਨ ਦਾ ਕੋਝਾ ਯਤਨ ਕੀਤਾ ਸੀ। ਇਸ ਪਿਛੋਂ ਡਾ. ਦਲਗੀਰ ਜੀ ਨੇ ਬੁਹਤ ਹੀ ਵਿਸਥਾਰ ਪੂਰਵਕ ਲੇਖ ਲਿਖਿਆ। ਜਿਸ ਵਿੱਚ ਆਪ ਜੀ ਨੇ 'ਰਾਮ' ਸ਼ਬਦ ਦੀ ਗਿਣਤੀ ਬਾਰੇ ਵੀ ਜਿਕਰ ਕੀਤਾ ਸੀ। ਸ: ਸੰਤੋਖ ਸਿੰਘ ਜੀ ਨੇ ਬੁਹਤ ਹੀ ਸੋਹਣੇ ਸ਼ਬਦਾ ਨਾਲ ਪੱਤਰ ਲਿਖ ਕੇ ਡਾ. ਦਲਗੀਰ ਜੀ ਦੇ ਲੇਖ ਤੇ ਪ੍ਰਮਾਣਕਤਾ ਦੀ ਮੋਹਰ ਲਾਈ ਸੀ ਪਰ ਅਚਾਨਕ ਹੀ ਸ: ਸੰਤੋਖ ਸਿੰਘ ਜੀ ਨੇ ਆਪਣੇ ਅੱਗਲੇ ਪੱਤਰ ਵਿੱਚ ਇੱਕ ਸਵਾਲ ਪੈਦਾ ਕਰ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਰਾਮ' 2533 ਵਾਰੀ ਨਹੀ ਸਗੋ ੨੦੪੬ ਵਾਰੀ ਆਇਆ ਹੈ। ਸ: ਗੁਰਦੇਵ ਸਿੰਘ ਘਣਗਸ ਜੀ ਨੇ ਬਹੁਤ ਹੀ ਦਲੀਲ ਭਰਭੂਰ ਤਰੀਕੇ ਨਾਲ ਇਸ ਸੰਬਾਦ ਨੂੰ ਅੱਗੇ ਤੋਰਿਆ ਹੈ ਅਤੇ ਸਰਬਜੀਤ ਸਿੰਘ ਸੈਕਰਾਮੈਂਟੋ ਨੇ ਵੀ ਵਿਦਵਾਨਾਂ ਦੇ ਪੱਤਰ ਪੜ੍ਹ ਕੇ ਇਸ ਵਿੱਚ ਹੋਰ ਵਿਸਥਾਰ ਕਰਨ ਦਾ ਯਤਨ ਕੀਤਾ ਹੈ।

ਇਹ ਠੀਕ ਹੈ ਕਿ ਗਿਣਤੀ ਦਾ ਜਿਆਦਾ ਮਹੱਤਵ ਨਹੀ ਹੈ ਪਰ ਫੇਰ ਵੀ ਅੱਜ ਸਾਡੇ ਪਾਸ ਜੋ ਸਾਧਨ ਹਨ ਉਨ੍ਹਾਂ ਦੀ ਵਰਤੋ ਕਰਕੇ ਅਸੀਂ ਠੀਕ ਗਿਣਤੀ ਕਰ ਸਕਦੇ ਹਾਂ। ਹੋਰ ਵੀ ਵਿਦਵਾਨਾਂ ਨੂੰ, ਖਾਸ ਤੌਰ ਤੇ ਡਾ. ਦਲਗੀਰ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਵਿਸ਼ੇ ਬਾਰੇ ਆਪਣੇ ਖੋਜ ਭਰਭੂਰ ਲੇਖ ਲਿਖੋ ਤਾਂ ਜੋ ਅੱਗੇ ਤੋ ਕੋਈ ਵੀ ਵਿਅਕਤੀ ਲਿਖਣ ਵੇਲੇ ਵੱਖ-ਵੱਖ ਗਿਣਤੀ ਲਿਖਣ ਦੀ ਥਾਂ ਇੱਕੋ ਪ੍ਰਮਾਣਿਕ ਗਿਣਤੀ ਹੀ ਲਿਖ ਸੱਕੇ।

ਸੋ ਉਪ੍ਰੋਕਤ ਵਿਚਾਰ ਤੋਂ ਭਲੀਭਾਂਤ ਪਤਾ ਲੱਗ ਜਾਂਦਾ ਹੈ ਕਿ "ਰਾਮੁ ਅਤੇ ਰਾਜਾ ਰਾਮ ਚੰਦ੍ਰ" ਵਿੱਚ ਕੀ ਫਰਕ ਸੀ ਅਤੇ ਬਹੁਤੀ ਵਾਰ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਆਇਆ ਰਾਮ ਸ਼ਬਦ ਸਰਬ ਨਿਵਾਸੀ ਰਾਮੁ ਵਸਤੇ ਹੈ ਅਤੇ ਕੇਵਲ ਅੱਠ ਕੁ ਵਾਰ ਰਾਜਾ ਰਾਮ ਚੰਦ੍ਰ ਜੀ ਵਾਸਤੇ ਆਇਆ ਹੈ ਜੋ ੧੪ ਕਲਾਧਾਰੀ ਤ੍ਰੇਤਾਯੁਗ ਦੇ ਅਵਤਾਰ ਮੰਨੇ ਜਾਂਦੇ ਹਨ। ਧੱਕੇ ਨਾਲ ਰਾਮ ਰੌਲਾ ਪਾਉਣਾ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਖੇ "ਰਾਜਾ ਰਾਮ" ਦੀ ਹੀ ਮਹਿਮਾਂ ਹੈ ਠੀਕ ਨਹੀਂ ਕਿਉਂਕਿ ਰਾਜਾ ਰਾਮ ਚੰਦ ਬਾਰੇ ਇਹ ਵੀ ਗੁਰੂ ਗ੍ਰੰਥ ਜੀ ਵਿਖੇ ਹੀ ਲਿਖਿਆ ਹੈ ਕਿ-ਰੋਵੈ ਰਾਮ ਨਿਕਾਲਾ ਭਇਆ॥ ਸੀਤਾ ਲਖਮਣ ਵਿਛੁੜ ਗਇਆ॥ ਰਾਮ ਝੁਰੈ ਦਲ ਮੇਲਵੈ ਅਤੇ ਰਾਵਣ ਸੇਤੀ ਸਰਵਰ ਹੋਈ ਘਰ ਕੀ ਜੋਇ ਗਵਾਈ ਥੀ॥ ਰਾਮ ਗਇਓ ਰਾਵਣ ਗਇਓ ਜਾ ਕਉ ਬਹੁ ਪ੍ਰਵਾਰ...॥ ਕੇਤੀਆਂ ਕੰਨ੍ਹ ਕਹਾਨੀਆਂ ਕੇਤੇ ਰਾਮ ਰਵਾਲ ...॥ (ਗੁਰੂ ਗ੍ਰੰਥ ਸਾਹਿਬ) ਧੱਕੇ ਨਾਲ ਕਿਸੇ ਧਰਮ ਗ੍ਰੰਥ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਮਿਥਿਹਾਸਕ ਫਿਲੌਸਫੀ ਨੂੰ ਗੁਰੂ ਗ੍ਰੰਥ ਸਹਿਬ ਜੀ ਦੀ ਸੱਚੀ ਸੁੱਚੀ ਵਿਗਿਆਨਕ ਸਚਾਈਆਂ ਭਰਪੂਰ ਗੁਰਬਾਣੀ ਤੇ ਥੋਪਿਆ ਹੀ ਜਾ ਸਕਦਾ।

ਹਾਂ ਜੋ ਗੁਰੂ ਗ੍ਰੰਥ ਸਾਹਿਬ ਵਿਖੇ ਜੋ ਕੁੱਝ ਮੰਨੀਆਂ ਗਈਆਂ ਮਿੱਥਾਂ ਦੇ ਹਵਾਲੇ ਦਿੱਤੇ ਹਨ ਸਿਰਫ ਸਮਝਾਉਣ ਲਈ ਹਨ ਕਿਉਂਕਿ ਉਸ ਵੇਲੇ ਹਿੰਦੂ ਤੇ ਮੁਸਲਿਮ ਭਾਰਤ ਵਿਖੇ ਭਾਰੀ ਗਿਣਤੀ ਵਿੱਚ ਸਨ। ਗੁਰੂ ਗ੍ਰੰਥ ਸਾਰੀ ਦੁਨੀਆਂ ਦਾ ਸਾਂਝਾ ਗ੍ਰੰਥ ਹੈ ਜੋ ਸਾਰੇ ਸੰਸਾਰ ਨੂੰ ਸਰਬਸਾਂਝਾ ਸਰਬਕਾਲੀ ਉਪਦੇਸ਼ ਦਿੰਦਾ ਹੈ। ਸੋ ਭਾਜਪਾ ਦੇ ਲੀਡਰਾਂ ਅਤੇ ਸਿੱਖ ਡੇਰੇਦਾਰ ਸੰਪ੍ਰਦਾਈਆਂ ਨੂੰ "ਰਾਮ" ਸ਼ਬਦ ਦੇ ਨਾਂ ਤੇ ਜਨਤਾ ਦੀਆਂ ਵੋਟਾਂ ਬਟੋਰਨ ਖਾਤਰ ਰਾਮ ਰੌਲਾ ਨਹੀਂ ਪਾਉਣਾ ਚਾਹੀਦਾ ਸਗੋਂ ਰਾਮ ਅਤੇ ਰਾਜਾ ਰਾਮ ਚੰਦ ਸ਼ਬਦਾਂ ਦੀ ਸਹੀ ਵਿਆਖਿਆ ਕਰਨੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਹਉਮੈਂ ਹੰਕਾਰ ਅਤੇ ਰਾਜ ਮੱਧ ਦੇ ਨਸ਼ੇ ਵਿੱਚ ਕੋਈ ਸਿਰ ਫਿਰਿਆ ਇਨ੍ਹਾਂ ਸ਼ਬਦਾਂ ਦੀ ਗਲਤ ਵਿਆਖਿਆ ਕਰਦਾ ਹੋਇਆ ਸਿੱਖਾਂ ਨੂੰ ਲਹੂ ਕਛੂ ਦੀ ਉਲਾਦ ਹੀ ਨਾ ਦਸਦਾ ਰਹੇ। ਧਰਮ ਦੇ ਨਾਂ ਤੇ ਵੋਟਾਂ ਦੀ ਨੀਤੀ ਬੰਦ ਹੋਣੀ ਚਾਹੀਦੀ ਹੈ ਨਾ ਕਿ ਰਾਮ ਰੌਲਾ ਪਾ ਕੇ ਧਰਮ ਦੇ ਨਾਂ ਤੇ ਲੜਨਾ ਚਾਹੀਦਾ ਹੈ। ਆਓ ਸਾਰੇ ਸਰਬਨਿਵਾਸੀ ਰਾਮ ਨੂੰ ਜਪਦੇ ਹੋਏ ਆਪਸ ਵਿੱਚ ਭ੍ਰਾਤਰੀਭਾਵ ਪੈਦਾ ਕਰੀਏ-ਰਾਮੁ ਜਪਹੁ ਜੀ ਐਸੇ ਐਸੇ॥ ਧ੍ਰੂਅ ਪ੍ਰਹਿਲਾਦ ਜਪਿਓ ਹਰਿ ਜੈਸੇ॥

(ਗੁਰੂ ਗ੍ਰੰਥ ਸਹਿਬ)

(ਚਲਦਾ)

## 2040 ਦੇ ਵਿਚ 65 ਦੀ ਥਾਂ 67 ਸਾਲ ਦੇ ਹੋਣ ਉਤੇ ਮਿਲਿਆ ਕਰੇਗੀ ਬੁਢਾਪਾ ਪੈਨਸ਼ਨ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਸਰਕਾਰ ਨੇ ਲੰਬੀ ਸੋਚ ਅਤੇ ਲੰਬੀ ਪਲੈਨਿੰਗ ਦੀ ਉਦਾਹਰਣ ਪੇਸ਼ ਕਰਦਿਆਂ 2040 ਦੇ ਵਿਚ ਬੁਢਾਪਾ ਪੈਨਸ਼ਨ 65 ਸਾਲ ਦੀ ਉਮਰ ਵਿਚ ਦੇਣ ਦੀ ਥਾਂ 67 ਸਾਲ ਪੂਰੇ ਹੋਣ ਉਤੇ ਦੇਣ ਦਾ ਐਲਾਨ ਕਰ ਦਿੱਤਾ ਹੈ। ਇਸਦਾ ਕਾਰਨ ਇਥੇ ਔਸਤਨ ਜੀਉਂਦੇ ਰਹਿਣ ਦੀ ਉਮਰ ਹਰੇਕ 10 ਸਾਲ ਬਾਅਦ ਵਧਦੀ (1.3 ਸਾਲ) ਦੱਸੀ ਗਈ ਹੈ। 2037 ਦੇ ਵਿਚ ਉਥੇ ਔਸਤਨ ਉਮਰ 86.2 ਸਾਲ ਹੋਣ ਦੀ ਆਸ ਹੈ। ਇਹ ਬਦਲਾਅ 1 ਜੁਲਾਈ 2037 ਦੇ ਵਿਚ ਸ਼ੁਰੂ ਹੋ ਜਾਣੇ ਹਨ। ਹਰੇਕ ਸਾਲ ਬੁਢਾਪੇ ਦੀ ਉਮਰ 6 ਮਹੀਨੇ ਵਧਾਈ ਜਾਵੇਗੀ ਅਤੇ 3 ਸਾਲ ਬਾਅਦ ਜਦੋਂ ਇਹ 67 ਸਾਲ ਤੱਕ ਪੁੱਜ ਜਾਵੇਗੀ ਤਾਂ ਰੋਕੀ ਜਾਵੇਗੀ। 30 ਜੂਨ 1972 ਤੋਂ ਪਹਿਲਾਂ ਜਨਮਿਆਂ ਨੂੰ 65 ਸਾਲ ਬਾਅਦ ਬੁਢਾਪਾ ਪੈਨਸ਼ਨ ਮਿਲੇਗੀ ਜਦ ਕਿ ਬਾਅਦ ਵਾਲਿਆਂ ਨੂੰ ਹਰੇਕ ਸਾਲ 6 ਮਹੀਨੇ ਹੋਰ ਉਡੀਕ ਕਰਨੀ ਪਵੇਗੀ। 1 ਜਨਵਰੀ 1974 ਤੋਂ ਬਾਅਦ ਪੈਦਾ ਹੋਣ ਵਾਲਿਆਂ ਨੂੰ 67 ਸਾਲ ਦੀ ਉਮਰ ਹੋਣ 'ਤੇ ਹੀ ਬੁੱਢੇ ਮੰਨਿਆ ਜਾਵੇਗਾ ਤੇ ਪੈਨਸ਼ਨ ਜਾਰੀ ਹੋਵੇਗੀ। ਐਨਾ ਸਮਾਂ ਪਹਿਲਾਂ ਐਲਾਨ ਕਰਨ ਦਾ ਮਤਲਬ ਹੈ ਕਿ ਨਵੀਂ ਜਨਰੇਸ਼ਨ ਨੂੰ ਇਸ ਗੱਲ ਦਾ ਪਤਾ ਹੋਵੇ ਕਿ ਭਵਿੱਖ ਦੇ ਵਿਚ ਸਰਕਾਰ ਦੀ ਕੀ ਪਾਲਿਸੀ ਹੈ ਤੇ ਤੁਸੀਂ ਬੁੱਢੇ ਕਦੋਂ ਗਿਣੇ ਜਾਵੋਗੇ। ਇਸ ਤੋਂ ਇਲਾਵਾ ਵੱਡੀ ਤਬਦੀਲੀ ਇਹ ਹੋਵੇਗੀ ਕਿ ਨਿਊਜ਼ੀਲੈਂਡ ਵਿਖੇ ਬੁਢਾਪਾ ਪੈਨਸ਼ਨ ਲੈਣ ਦਾ ਉਹੀ ਹੱਕਦਾਰ ਹੋਵੇਗਾ ਜਿਹੜੇ ਇਥੇ 20 ਸਾਲ ਤੱਕ ਰਹਿਣਗੇ ਅਤੇ ਜਿਨ੍ਹਾਂ ਵਿਚ 50 ਸਾਲ ਦੀ ਉਮਰ ਦੇ ਬਾਅਦ ਵਿਚ 5 ਸਾਲ ਹੋਣੇ ਜ਼ਰੂਰੀ ਹਨ। ਸੁਪਰ ਗੋਲਡ ਕਾਰਡ ਲੈਣ ਦੀ ਉਮਰ ਵੀ ਉਸੇ ਦਰ ਨਾਲ ਅੱਗੇ ਵਧੇਗੀ।




ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।




ਸ਼ਿੰਗਾਰਾ ਰਾਮ ਰੀਐਲਟਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਗੁਰਪੁਰਬ ਅਤੇ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ

ਕੈਲੇਫੋਰਨੀਆਂ ਵਿਚ ਸਾਡੀਆਂ ਸੇਵਾਵਾਂ ਦੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ ਜੀ


# L.A. MERCHANDISE

**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

**500 N. Palora Ave. Yuba City, CA 95991**

**530-671-0439, Fax 530-822-0439 Cell- 530-844-3250**



# TANDOOR

**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

**BUFFET LUNCH 11:00 AM To 3:00 PM**

We are open seven days
11 AM to 10 PM

Contact Us:

**Ph. 510-885-1212**
**Fax. 510-885-1532**



## ਸਤ ਸੰਗਤਿ ਮਿਲਿ ਰਹੀਐ ਮਾਧਉ
## ਜੈਸੇ ਮਧੁਪ ਮਖੀਰਾ।।



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।

# Satnam Singh Mandali

## Vice Chairman

## Shri Guru Ravidass Sabha Sacramento (CA)



Jaswinder Lal Madhara and Family

## ਹਉ ਬਨਜਾਰੋ ਰਾਮ ਕੋ, ਸਹਜ ਕਰਉ ਬਾਪਾਰੁ।।
## ਮੈ ਰਾਮ ਨਾਮ ਧਨੁ ਲਾਦਿਆ, ਬਿਖੁ ਲਾਦੀ ਸੰਸਾਰ।।



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।

# Jaswinder Lal Madhara

## Treasurer

## Shri Guru Ravidass Sabha Sacramento (CA)



ਸ੍ਰੀ ਗੁਰੂ ਰਵਿਦਾਸ ਜੀ

## ਤੁਮ ਜੁ ਨਾਇਕ ਆਛਹੁ ਅੰਤਰਜਾਤੀ॥ ਪ੍ਰਭ ਤੇ ਜਨ ਜਾਨੀ ਜੈ ਜਨ ਤੇ ਸੁਆਮੀ



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ 6221, 16ਵੀਂ ਸਟ੍ਰੀਟ ਰਿਓਲਿੰਡਾ (ਸੈਕਰਾਮੈਂਟੋ), (ਕੈਲੇਫੋਰਨੀਆ) 95673 ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।

ਸ੍ਰੀਮਾਨ ਸੁਖਰਾਜ ਚੋਪੜਾ ਜੀ ਨੂੰ ਪੰਜ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦਾ ਉਦਘਾਟਨੀ ਰਿਬਨ ਕੱਟਣ ਦਾ ਮਾਣ ਹਾਸਲ ਹੈ। ਉਹਨਾਂ ਨੇ 2 ਜੂਨ 1985 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਸਤੰਬਰ 1997 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, 10 ਅਪ੍ਰੈਲ 1998 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ, ਨਵੰਬਰ 2004 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ, 13 ਫਰਵਰੀ 2005 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਰਿਬਨ ਕੱਟ ਕੇ ਗੁਰੂ ਮਹਾਰਾਜ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

# ਸਮੂਹ ਚੋਪੜਾ ਪਰਿਵਾਰ



## SHRI SUKHRAJ SINGH CHOPRA & MRS. ROSHNI CHOPRA

ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ, ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥



Satguru Ravidass Ji





ਮੱਖਣ ਸਿੰਘ ਬੈਂਸ



ਗਿਆਨੀ ਰਵਿੰਦਰ ਸਿੰਘ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ 6221, 16ਵੀਂ ਸਟ੍ਰੀਟ ਰਿਓਲਿੰਡਾ (ਸੈਕਰਾਮੈਂਟੋ), (ਕੈਲੇਫੋਰਨੀਆ) 95673 ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।


Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345



Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com




ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।



# ਹੰਸ ਰਾਜ ਕਾਜਲਾ

## ਅਤੇ ਸਮੂਹ ਕਾਜਲਾ ਪਰਿਵਾਰ

---



ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥



ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।

# Harbans Singh Ralh

## Ex-Kitchen Manager

## Shri Guru Ravidass Sabha Sacramento (CA)

ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥





ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਅਲੰਬਰਦਾਰ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਅਤੇ 17ਵੇਂ ਵਿਸ਼ਾਲ ਨਗਰ ਕੀਰਤਨ ਮਨਾਏ ਜਾਣ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਸਭਾ ਵੱਲੋਂ ਉਲੀਕੇ ਗਏ ਸਾਰੇ ਪ੍ਰੋਗਰਾਮਾਂ ਦੇ ਨਾਲ-ਨਾਲ 12 ਮਾਰਚ 2017 (ਦਿਨ ਐਤਵਾਰ) ਨੂੰ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ 6221, 16ਵੀਂ ਸਟ੍ਰੀਟ ਰਿਓਲਿੰਡਾ (ਸੈਕਰਾਮੈਂਟੋ), (ਕੈਲੇਫੋਰਨੀਆ) 95673 ਵਿਖੇ ਹਾਜ਼ਰੀਆਂ ਭਰ ਕੇ ਖੁਸ਼ੀਆਂ ਨੂੰ ਸਾਂਝਾ ਕਰੀਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਈਏ ਤੇ ਉਸ ਅੰਦਰ ਬਿਰਾਜਮਾਨ ਸਮੂਹ ਗੁਰਬਾਣੀ ਤੋਂ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਕਰੀਏ ਜੀ।



ਮਹਿੰਦਰ ਸਿੰਘ ਬੰਗਾ (ਖੱਬੇ) ਆਪਣੀ ਸੁਪਤਨੀ ਨਾਲ ਹਰਦਿਆਲ ਸਿੰਘ ਬੰਗਾ (ਸੱਜੇ) ਆਪਣੀ ਸੁਪਤਨੀ ਨਾਲ



ਹਰਦਿਆਲ ਸਿੰਘ ਬੰਗਾ ਆਪਣੇ ਦੋਵੇਂ ਸਪੁੱਤਰਾਂ ਸਟੀਵ ਬੰਗਾ (ਖੱਬੇ) ਅਤੇ ਅਜੈ ਬੰਗਾ (ਸੱਜੇ) ਨਾਲ


# H & S CONSTRUCTION

Hardi Banga

GENERAL CONTRACTOR

1824 Santa Rita Dr.
Pittsburg, CA 94565

Ph 925-458-2196

Fax 925-261-1891,
Cell 925-584-0727

ੴ

# ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਗੁਰਪੁਰਬ ਦਿਹਾੜਾ



## 17ਵਾਂ ਵਿਸ਼ਾਲ ਨਗਰ ਕੀਰਤਨ
## 12 ਮਾਰਚ 2017 ਨੂੰ





ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ,

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੀਫੋਰਨੀਆ) ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ 12 ਮਾਰਚ 2017, ਐਤਵਾਰ ਨੂੰ ਆਜ਼ਾਦੀ, ਬਰਾਬਰੀ, ਭਾਈਚਾਰਕ ਸਾਂਝ ਵਾਲੀ ਨਵੀਂ ਵਿਚਾਰਕ ਕ੍ਰਾਂਤੀ ਦੇ ਮੋਢੀ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ 17ਵਾਂ ਵਿਸ਼ਾਲ ਨਗਰ ਕੀਰਤਨ ਵੀ ਕੱਢਿਆ ਜਾ ਰਿਹਾ ਹੈ। ਸਮੂਹ ਪ੍ਰਬੰਧਕ ਕਮੇਟੀ ਅਤੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕੀਤੀ ਹੈ ਕਿ ਆਪਣੇ ਸਮੂਹ ਪਰਿਵਾਰਕ ਮੈਂਬਰਾਂ ਨਾਲ ਇਸ ਸ਼ੁਭ ਦਿਹਾੜੇ ਮੌਕੇ ਗੁਰੂ ਘਰ ਹਾਜ਼ਰੀਆਂ ਭਰ ਕੇ ਸਤਿਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮਾਂ ਦਾ ਵੇਰਵਾ

**8 ਮਾਰਚ 2017, ਬੁੱਧਵਾਰ** ਕਵੀ ਦਰਬਾਰ ਤੇ ਕੀਰਤਨ ਦੀਵਾਨ: ਸ਼ਾਮ 6 ਵਜੇ ਤੋਂ 9 ਵਜੇ ਤੱਕ

**9 ਮਾਰਚ 2017, ਵੀਰਵਾਰ** ਕੀਰਤਨ ਦੀਵਾਨ ਤੇ ਬੁਲਾਰੇ ਗੁਰੂ ਜੀ ਪ੍ਰਤੀ ਵਿਚਾਰ ਰੱਖਣਗੇ

**10 ਮਾਰਚ 2017, ਸ਼ੁੱਕਰਵਾਰ** ਢਾਡੀ ਦਰਬਾਰ ਤੇ ਕੀਰਤਨ ਦੀਵਾਨ: ਸ਼ਾਮ 6 ਵਜੇ ਤੋਂ 10 ਵਜੇ ਤੱਕ

**11 ਮਾਰਚ 2017, ਸ਼ਨਿਚਰਵਾਰ** ਨਿਸ਼ਾਨ ਸਾਹਿਬ ਦੀ ਸੇਵਾ: ਸ਼ਾਮੀਂ 3 ਵਜੇ

*(ਨਿਸ਼ਾਨ ਸਾਹਿਬ ਦੀ ਸੇਵਾ ਪਵਨ ਵਿਰਦੀ ਅਤੇ ਗੁਰਦੇਵ ਸਿੰਘ ਢਿੱਲੋਂ ਪਰਿਵਾਰ ਵੱਲੋਂ ਹੋਵੇਗੀ)*

**ਰੈਣ ਸਬਾਈ ਕੀਰਤਨ ਦੀਵਾਨ:** ਸ਼ਾਮ 6 ਵਜੇ ਤੋਂ 11 ਵਜੇ ਤੱਕ

**12 ਮਾਰਚ 2017, ਐਤਵਾਰ** ਭੋਗ ਅਖੰਡ ਪਾਠ ਸਾਹਿਬ: ਸਵੇਰੇ 9 ਵਜੇ

ਉਪਰੰਤ ਕੀਰਤਨ ਦੀਵਾਨ ਹੋਣਗੇ, ਜਿਸ ਵਿਚ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਨਗੇ ਅਤੇ ਢਾਡੀ ਜਥੇ ਧਾਰਮਿਕ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਲਗਾਤਾਰ ਨਿਰਵਿਘਨ ਚਲਦੇ ਆ ਰਹੇ 17ਵੇਂ ਵਿਸ਼ਾਲ ਨਗਰ ਕੀਰਤਨ ਦਾ ਅਰੰਭ ਸਵੇਰੇ 11 ਵਜੇ ਹੋਵੇਗਾ ਜਿਸ ਦੌਰਾਨ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ, ਜਿਸ ਦੀ ਸੇਵਾ ਸ੍ਰੀ ਹਰਦਿਆਲ ਬੰਗਾ ਤੇ ਪਰਿਵਾਰ ਵੱਲੋਂ ਕੀਤੀ ਜਾਵੇਗੀ।

ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ ਜੀ:

ਜਨਰਲ ਜਾਣਕਾਰੀ- ਰਮੇਸ਼ ਬੰਗੜ (916) 821-2175, ਕੀਰਤਨ ਸੇਵਾ ਲਈ- ਮੱਖਣ ਲੁਹਾਰ (916) 613-0577
ਲੰਗਰ ਸਟਾਲ ਲਈ- ਹਰਬੰਸ ਰੱਲ੍ਹ (916) 588-4623, ਸ਼ਾਪਿੰਗ ਸਟਾਲ ਲਈ- ਅਵਤਾਰ ਸਿੱਧੂ (916) 717-4223

**Sri Guru Ravidass Temple (916) 992-1710**
**6221,16th Street, Rio Linda, CA. 95673**